# 1857 ਦੇ ਸਿਪਾਹੀ ਵਿਦਰੋਹ ਦੇ ਸੰਦਰਭ ਵਿੱਚ ਗਰਦ ਪਾਰਟੀ ਲਹਿਰ

ਗੁਰਦਰਸ਼ਨ ਸਿੰਘ ਢਿੱਲੋਂ

ਹਿੰਦੁਸਤਾਨ ਦੇ ਸੁਤੰਤਰਤਾ ਸੰਗਰਾਮ ਵਿੱਚ ਗਦਰ ਲਹਿਰ ਦੀ ਇਕ ਅਦੁੱਤੀ ਦੇਣ ਹੈ ਪਰੰਤੂ ਇਤਿਹਾਸਕਾਰਾਂ ਨੇ ਸਚਾਈ ਅਤੇ ਸਪਸ਼ਟਤਾ ਨਾਲ ਦੇਸ਼ ਭਗਤੀ ਅਤੇ ਕੁਰਬਾਨੀ ਦੀ ਇਸ ਮਹਾਨ ਗਾਥਾ ਦਾ ਸਹੀ ਇਤਿਹਾਸਕ ਖਾਕਾ ਪੇਸ਼ ਨਹੀਂ ਕੀਤਾ। ਉਨ੍ਹਾਂ ਨੇ ਦੇਸ਼ ਦੀ ਸੁਤੰਤਰਤਾ ਲਈ ਨਿਧੜਕ ਹੋ ਕੇ ਜਾਨਾਂ ਵਾਰਨ ਵਾਲੇ ਗਦਰੀ ਯੋਧਿਆਂ ਨੂੰ ਇਤਿਹਾਸ ਵਿੱਚ ਉਚਿਤ ਸਥਾਨ ਨਹੀਂ ਦਿਤਾ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਾਈਆਂ ਜਾਣ ਵਾਲੀਆਂ ਇਤਿਹਾਸ ਦੀਆਂ ਪੁਸਤਕਾਂ ਵਿਚ ਗਦਰ ਲਹਿਰ ਦਾ ਕਿਧਰੇ ਜ਼ਿਕਰ ਨਹੀਂ ਅਉਂਦਾ। ਦੇਸ਼ ਦੀ ਸੁਤੰਤਰਤਾ ਦਾ ਪੂਰਾ ਸਿਹਰਾ ਗਾਂਧੀ ਵਲੋਂ ਚਲਾਏ ਸ਼ਾਂਤਮਈ ਅੰਦੋਲਨ ਨੂੰ ਹੀ ਦਿੱਤਾ ਜਾਂਦਾ ਹੈ। ਰਾਜਸੀ ਅਤੇ ਫਿਰਕੂ ਪੱਖ ਤੋਂ ਲਿਖੀਆਂ ਪੁਸਤਕਾਂ ਵਿਚ ਸਿੱਖਾਂ ਵਲੋਂ ਹਥਿਆਰਬੰਦ ਸੰਘਰਸ਼ ਕਰਦਿਆਂ ਬੇਸ਼ੁਮਾਰ ਕੁਰਬਾਨੀਆਂ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਜਾਂਦੀ।

ਕੁਝ ਪੱਛਮੀ ਇਤਿਹਾਸਕਾਰ ਖਾਸ ਕਰਕੇ ਮੈਕਲਿਉਡ ਅਤੇ ਉਨ੍ਹਾਂ ਨਾਲ ਜੁੜੇ ਹੋਰ ਵਿਦਵਾਨਾਂ ਨੇ ਇਤਿਹਾਸ ਲਿਖਣ ਵੇਲੇ ਸਿੱਖਾਂ ਦੇ ਵੱਡਮੁਲੇ ਇਤਿਹਾਸਕ ਵਿਰਸੇ ਅਤੇ ਉਨ੍ਹਾਂ ਦੇ ਪ੍ਰੇਰਣਾ ਸਰੋਤ ਗੁਰੂਆਂ ਦੀ ਬਾਣੀ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ। ਉਹ ਸਿੱਖ ਧਰਮ ਵਿੱਚ ਸ਼ਹਾਦਤ ਦੀ ਗੌਰਵਮਈ ਪਰੰਪਰਾ ਨੂੰ ਵੀ ਅੱਖੋਂ ਉਹਲੇ ਕਰਦੇ ਹਨ। ਇਸ ਦੇ ਫਲ ਸਰੂਪ ਉਨ੍ਹਾਂ ਵਲੋਂ ਲਿਖਿਆਂ ਇਤਿਹਾਸ ਅਧੂਰਾ ਰਹਿ ਜਾਂਦਾ ਹੈ। ਸਿੱਖਾਂ ਦੀ ਬਹਾਦੁਰੀ ਅਤੇ ਕੁਰਬਾਨੀ ਦੀ ਭਾਵਨਾ ਪਿੱਛੇ ਕੀ ਸਪਿਰਿਟ ਕੰਮ ਕਰਦੀ ਹੈ? ਉਹ ਕਿਹੜਾ ਵਿਰਸਾ ਹੈ ਜਿਸ ਕਾਰਨ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਸਿੱਖਾਂ ਨੇ ਸਭ ਤੋਂ ਵੱਧ ਜਾਨਾਂ ਵਾਰੀਆਂ ? ਇਹ ਕਿਵੇਂ ਸੰਭਵ ਹੋਇਆ ਕਿ ਸਿੱਖਾਂ ਦੀ ਇਕ ਛੋਟੀ ਜਹੀ ਕੌਮ ਨੇ ਦੇਸ਼ ਦੇ ਹਮਲਾਵਰਾਂ ਦੇ ਮੂੰਹ ਮੋੜ ਦਿਤੇ, ਦੇਸ਼ ਵਾਸੀਆਂ ਦੀ ਆਨ ਅਤੇ ਸ਼ਾਨ ਦੀ ਰੱਖਿਆਂ ਕੀਤੀ ਅਤੇ ਆਜ਼ਾਦੀ ਦਾ ਰਾਹ ਦਿਖਾਇਆ? ਇਨ੍ਹਾਂ ਸਾਰੇ ਸੁਆਲਾਂ ਦੇ ਜੁਆਬ ਦੇਣ ਤੋਂ ਇਹ ਇਤਿਹਾਸਕਾਰ ਅਸਮਰੱਥ ਹਨ। ਉਨ੍ਹਾਂ ਦੀ ਭੌਤਿਕ ਵਿਚਾਰਧਾਰਾ ਵਿਚ ਸੰਸਾਰਿਕ ਅਤੇ ਆਤਮਿਕ ਸ਼ਕਤੀ ਦੇ ਸੁਮੇਲ ਲਈ ਕੋਈ ਸਥਾਨ ਨਹੀਂ। ਸ਼ਾਇਦ ਇਸੇ ਵਿਚਾਰਧਾਰਾ ਨੂੰ ਮੁਖ ਰਖਦਿਆਂ ਹਰੀਸ਼ ਕੇ. ਪੁਰੀ ਨੇ ਵੀ ਗਦਰ ਲਹਿਰ ਤੇ ਲਿਖੇ

ਆਪਣੇ ਪੀ. ਐਚ.ਡੀ. ਥੀਸਿਜ਼ ਵਿੱਚ ਸਿਖਾਂ ਦੇ ਪ੍ਰੇਰਣਾ ਸਰੋਤ ਇਤਿਹਾਸਕ ਵਿਰਸੇ ਅਤੇ ਸਿਖੀ ਇਤਿਹਾਸ ਨਾਲ ਜੁੜੇ ਗੁਰਮਤ ਸਿਧਾਂਤਾਂ ਅਤੇ ਕਦਰਾਂ ਕੀਮਤਾਂ ਨੂੰ ਅਖੋਂ ਉਹਲੇ ਕੀਤਾ ਹੈ। ਇਸੇ ਕਾਰਨ ਉਨ੍ਹਾਂ ਦਾ ਗਦਰ ਲਹਿਰ ਦਾ ਵਿਸ਼ਲੇਸ਼ਣ ਅਧੂਰਾ ਰਹਿ ਗਿਆ ਹੈ। ਉਨ੍ਹਾਂ ਨੇ ਇਸ ਅੰਦੋਲਨ ਨੂੰ ਕਿਸਾਨੀਂ ਅੰਦੋਲਨ ਕਹਿ ਕੇ ਗਲ ਮੁਕਾ ਦਿਤੀ ਹੈ।[1] ਇਸ ਲਹਿਰ ਦੇ ਕਈ ਪਖ ਉਨ੍ਹਾਂ ਦੀ ਪਕੜ ਵਿਚ ਨਹੀਂ ਆਏ।

ਗਦਰ ਲਹਿਰ ਦਾ ਵਿਸ਼ਲੇਸ਼ਣ ਸਿਖ ਗੁਰੂਆਂ ਵਲੋਂ ਪੇਸ਼ ਕੀਤੀ ਵਿਚਾਰਧਾਰਾ, ਖਾਲਸਾ ਪੰਥ ਦੀ ਨਿਆਰੀ ਹੋਂਦ, ਸਿੱਖ ਇਤਿਹਾਸ ਅਤੇ ਸਿੱਖ ਕੌਮ ਦੇ ਗੌਰਵਮਈ ਵਿਰਸੇ ਦੇ ਸੰਦਰਭ ਵਿਚ ਕਰਨਾ ਹੀ ਉਚਿਤ ਹੋਵੇਗਾ। ਗੁਰੂ ਨਾਨਕ ਦੇਵ ਦੀ ਮਾਨਵ ਸਮਾਜ ਨੂੰ ਵੱਡਮੁਲੀ ਦੇਣ ਉਨ੍ਹਾਂ ਦੀ ਵਿਚਾਰਧਾਰਾ ਹੈ, ਜਿਸ ਅਨੁਸਾਰ ਮਨੁੱਖੀ ਜੀਵਨ ਨੂੰ ਹਰ ਪੱਖ ਤੋਂ ਰਚਨਾਤਮਕ ਅਤੇ ਉਸਾਰੂ ਬਨਾਉਣ ਦੀ ਪ੍ਰੇਰਣਾ ਮਿਲਦੀ ਹੈ। ਇਸ ਅਨੁਸਾਰ ਆਤਮਿਕ ਅਤੇ ਸੰਸਾਰਿਕ ਜੀਵਨ ਪਰਸਪਰ ਵਿਰੋਧੀ ਨਹੀਂ ਹਨ, ਸਗੋਂ ਇਕ ਦੂਜੇ ਦੇ ਸਹਾਇਕ ਹਨ। ਗੁਰੂ ਨਾਨਕ ਦੁਆਰਾ ਸਥਾਪਿਤ ਕੀਤੇ ਧਰਮ ਦੇ ਮੁਢਲੇ ਅਸੂਲਾਂ ਵਿਚ ਧਰਮ ਦੀ ਸਥਾਪਤੀ, ਜ਼ੁਲਮ ਅਤੇ ਅਨਿਆਂ ਵਿਰੁੱਧ ਸੰਘਰਸ਼ ਕਰਨਾ ਸ਼ਾਮਲ ਸੀ। ਆਹਮਣੇ ਸਾਹਮਣੇ ਬਣਾਏ ਗਏ ਹਰਮੰਦਿਰ ਸਾਹਿਬ ਅਤੇ ਅਕਾਲ ਤਖ਼ਤ ਸਿੱਖਾਂ ਦੇ ਮੀਰੀ-ਪੀਰੀ ਸਿਧਾਂਤ ਦੇ ਪਰਤੀਕ ਹਨ। ਛੇਵੇਂ ਗੁਰੂ ਹਰਗੋਬਿੰਦ ਨੇ ਦੋ ਤਲਵਾਰਾਂ ਪਹਿਨੀਆਂ, ਜਿਨ੍ਹਾਂ ਵਿਚੋਂ ਇਕ ਮੀਰੀ ਲਈ ਸੀ ਤੇ ਦੂਜੀ ਪੀਰੀ ਲਈ। ਇਸੇ ਮਾਰਗ ਤੇ ਚਲਦਿਆਂ ਦਸਵੇਂ ਗੁਰੂ ਗੋਬਿੰਦ ਸਿੰਘ ਨੇ ਭਗਤੀ ਅਤੇ ਸ਼ਕਤੀ ਦਾ ਸੁਮੇਲ ਕਰਕੇ ਖਾਲਸਾ ਪੰਥ ਦੀ ਸਿਰਜਨਾ ਕੀਤੀ ਅਤੇ ਦੇਸ਼ ਵਿਚੋਂ ਜ਼ੁਲਮ ਅਤੇ ਅਤਿਆਚਾਰ ਦਾ ਨਾਸ਼ ਕਰਨ ਲਈ ਨਿਰਭੈ, ਦਲੇਰ ਅਤੇ ਸ਼ਸਤਰਧਾਰੀ ਸੰਤ-ਸਿਪਾਹੀ ਪ੍ਰਗਟ ਕਰ ਦਿਖਾਏ ਜਿਨ੍ਹਾਂ ਨੇ ਨਿਆਸਰੀ ਜਨਤਾ ਨੂੰ ਆਸਰਾ ਦੇ ਕੇ ਆਪਣੇ ਪੈਰਾਂ ਤੇ ਖੜਾ ਕਰ ਦਿਤਾ, ਮਨੁੱਖੀ ਅਧਿਕਾਰਾਂ ਦੀ ਰਖਿਆ ਕੀਤੀ, ਦੀਨ ਦੁਨੀਆਂ ਦੀ ਖਾਤਰ ਮੈਦਾਨੇ ਜੰਗ ਵਿਚ ਜੂਝ ਪਏ ਅਤੇ ਇਤਿਹਾਸ ਨੂੰ ਇਕ ਨਵਾਂ ਮੋੜ ਦਿਤਾ। ਦਸਵੇਂ ਗੁਰੂ ਨੇ 'ਸਵਾ ਲਾਖ ਸੇ ਏਕ ਲੜਾਉਂ' ਦਾ ਪੈਗ਼ਾਮ ਦਿੱਤਾ। ਦੁਨੀਆਂ ਦੇ ਕਿਸੇ ਵੀ ਧਰਮ ਵਿਚ ਅਜਿਹੀ ਵਿਵਸਥਾ ਦਾ ਜ਼ਿਕਰ ਨਹੀਂ।

ਇਹ ਮੰਨਣ ਵਾਲੀ ਗਲ ਹੈ ਕਿ ਗਦਰ ਲਹਿਰ ਅੰਦਰ ਦਿੱਤੀਆਂ ਸਾਰੀਆਂ ਕੁਰਬਾਨੀਆਂ ਵਾਹਿਗੁਰੂ ਵਲੋਂ ਸਿੱਖ ਕੌਮ ਨੂੰ ਬਖਸ਼ੀ ਅਲੌਕਿਕ ਸ਼ਕਤੀ ਦਾ ਸਦਕਾ ਹੀ ਸੰਭਵ ਹੋਈਆਂ। ਸਮੁੱਚਾ ਸਿੱਖ ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਜਦੋਂ ਵੀ ਸਿੱਖਾਂ ਨੇ ਸਚ, ਧਰਮ ਅਤੇ ਆਜ਼ਾਦੀ ਦੀ ਖਾਤਰ ਜਾਨ ਤਲੀ ਤੇ ਰਖੀ, ਵਾਹਿਗੁਰੂ ਨੇ ਉਨ੍ਹਾਂ ਨੂੰ ਅਸਿਹ ਅਤੇ ਅਕਿਹ ਕਸ਼ਟ ਸਹਾਰਨ ਦੀ ਸ਼ਕਤੀ ਪ੍ਰਦਾਨ ਕੀਤੀ। ਜਿਸ ਜਜ਼ਬੇ ਅਤੇ ਸਿਦਕ ਨਾਲ ਸੈਂਕੜੇ ਸਿਖਾਂ ਨੇ

ਅਡੋਲ ਰਹਿ ਕੇ ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਆਰਿਆਂ ਨਾਲ ਚਿਰਾਏ ਗਏ ਤੇ ਸ਼ਾਂਤ ਰਹਿ ਕੇ ਫਾਂਸੀ ਤੇ ਲਟਕੇ, ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਗਦਰ ਲਹਿਰ ਦੇ ਸ਼ਹੀਦਾਂ ਨੂੰ ਇਸ ਨਜ਼ਰੀਏ ਨਾਲ ਦੇਖਣ ਦੀ ਲੋੜ ਹੈ।

ਸੰਸਾਰ ਭਰ ਵਿਚ ਜਿਥੇ ਵੀ ਸਿਖ ਵਸਦੇ ਹਨ, ਉਹ ਆਪਣੇ ਗੌਰਵਮਈ ਵਿਰਸੇ ਅਤੇ ਨਿਆਰੀ ਹੋਂਦ ਤੋਂ ਸੁਚੇਤ ਰਹਿੰਦੇ ਹਨ। ਗੁਰਦੁਆਰੇ ਸਿੱਖਾਂ ਦੇ ਨਿਤਾ ਪ੍ਰਤੀ ਜੀਵਨ ਦਾ ਇਕ ਮਹੱਤਵਪੂਰਨ ਅੰਗ ਹਨ। ਇਹ ਸਿੱਖ ਵਿਰਸੇ ਨੂੰ ਸੰਭਾਲ ਕੇ ਰੱਖ ਰਹੇ ਹਨ। ਸਿਖਾਂ ਲਈ ਸ਼ਬਦ ਗੁਰੂ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਸ ਗੁਰੂ ਦੀ ਸਦਾ ਸਥਿਰ ਜਾਗਦੀ ਜੋਤਿ ਹੈ। ਗੁਰਦੁਆਰਿਆਂ ਵਿਚ ਜਾਤ-ਪਾਤ, ਊਚ-ਨੀਚ, ਰੰਗ-ਰੂਪ ਦੇ ਭੇਦਾਂ ਨੂੰ ਮਿਟਾ ਕੇ 'ਏਕ ਪਿਤਾ, ਏਕਸ ਕੇ ਹਮ ਬਾਰਿਕ' ਦਾ ਸੰਦੇਸ਼ ਦਿੱਤਾ ਜਾਂਦਾ ਹੈ ਅਤੇ 'ਸਰਬਤ ਦੇ ਭਲੇ' ਦੀ ਕਾਮਨਾ ਕੀਤੀ ਜਾਂਦੀ ਹੈ। ਗੁਰੂਆਂ ਦੇ ਦੱਸੇ ਮਾਰਗ ਅਨੁਸਾਰ ਇਥੇ ਸਮਾਜਿਕ ਅਤੇ ਧਾਰਮਿਕ ਮਸਲਿਆਂ ਤੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਸਿਖਾਂ ਦੀ ਮਾਨਸਿਕਤਾ ਵਿਚ ਸ਼ਬਦ-ਗੁਰੂ ਅਤੇ ਗੁਰਦੁਆਰਿਆਂ ਦਾ ਬਹੁਤ ਮਹੱਤਵ ਹੈ। ਗੁਰੂ ਦੀ ਬਾਣੀ ਸਿਖਾਂ ਨੂੰ ਚੜ੍ਹਦੀ ਕਲਾ, ਦ੍ਰਿੜ ਵਿਸ਼ਵਾਸ, ਪ੍ਰਭੂ-ਭਗਤੀ ਅਤੇ ਉੱਚੇ ਸੁੱਚੇ ਮਾਨਵੀ ਆਦਰਸ਼ ਅਪਨਾਉਣ ਲਈ ਪ੍ਰੇਰਿਤ ਕਰਦੀ ਹੈ। ਸਿੱਖ ਸੁਭਾਅ ਦਾ ਇਹ ਖਾਸਾ ਹੈ ਕਿ ਇਹ ਜ਼ੁਲਮ ਅਤੇ ਅਨਿਆਂ ਦਾ ਡਟ ਕੇ ਮੁਕਾਬਲਾ ਕਰਦੇ ਹਨ। ਸਮੁੱਚਾ ਸਿੱਖ ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਭਾਵੇਂ ਕਿੰਨੀ ਵੀ ਮੁਸੀਬਤ ਝੇਲਣੀ ਪਵੇ, ਸਿੱਖ ਜਦੋਂ ਕਿਸੇ ਸਚਾਈ ਤੇ ਦ੍ਰਿੜ ਹੋ ਜਾਣ ਤਾਂ ਆਪਣੇ ਇਰਾਦੇ ਤੋਂ ਪਿਛੇ ਨਹੀਂ ਹਟਦੇ ਅਤੇ ਮਰਨ ਮਾਰਨ ਤੋਂ ਸੰਕੋਚ ਨਹੀਂ ਕਰਦੇ। ਇਹ ਬੀਰਤਾ ਦਾ ਗੁਣ ਹੈ ਕਿ 'ਜਬੈ ਬਾਣ ਲਾਗੈ ਤਬੈ ਰੋਸ ਜਾਗੈ।' ਸਿੱਖ ਬੀਰਾਂ ਬਹਾਦੁਰਾਂ ਦੀ ਕੌਮ ਹੈ ਅਤੇ ਜਾਨ ਦੀ ਖੇਡ ਖੇਡ ਜਾਣਾ ਇਸ ਦਾ ਮੁਢਲਾ ਕਰਮ ਹੈ। ਇਸ ਕੌਮ ਨੂੰ ਗੁੜ੍ਹਤੀ ਹੀ ਇਹ ਮਿਲੀ ਹੈ ਕਿ 'ਸਿਰ ਦੀਜੈ ਕਾਣਿ ਨ ਕੀਜੈ।' ਕੁਰਬਾਨੀ ਕਰਨਾ ਇਨ੍ਹਾਂ ਦਾ ਸੁਨਹਿਰੀ ਵਿਰਸਾ ਹੈ । ਰੋਜ਼ਾਨਾ ਸਿੱਖ ਅਰਦਾਸ ਵਿਚ ਵੀ ਉਨ੍ਹਾਂ ਸਿੰਘਾਂ ਸਿੰਘਣੀਆਂ ਦੀ ਸ਼ਹਾਦਤ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਨੇ ਧਰਮ ਹੇਤ ਸੀਸ ਦਿਤੇ, ਅਕਿਹ ਅਤੇ ਅਸਿਹ ਕਸ਼ਟ ਸਹੇ, ਚਰਖੀਆਂ ਤੇ ਚੜ੍ਹੇ, ਖੋਪਰੀਆਂ ਲੁਹਾਈਆਂ ਪਰ ਸਿੱਖੀ ਸਿਦਕ ਨਹੀਂ ਹਾਰਿਆ।

ਵੀਹਵੀਂ ਸਦੀ ਦੇ ਆਰੰਭ ਵਿਚ ਅਮਰੀਕਾ ਅਤੇ ਕੈਨੇਡਾ ਵਿਚ ਰਹਿੰਦੇ ਹਿੰਦੁਸਤਾਨੀਆਂ ਨੂੰ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਇਹ ਲੋਕ ਆਰਥਿਕ ਖੁਸ਼ਹਾਲੀ ਦੀ ਭਾਲ ਵਿਚ ਵਿਦੇਸ਼ਾ ਨੂੰ ਗਏ ਸਨ। ਵਿਦੇਸ਼ੀ ਨਾਗਰਿਕਾਂ ਦੁਆਰਾ ਇਨ੍ਹਾਂ ਨਾਲ ਗੈਰ-ਮਨੁੱਖੀ ਅਤੇ ਅਪਮਾਨਜਨਕ ਸਲੂਕ ਕੀਤਾ ਜਾਂਦਾ ਸੀ। ਵਿਦੇਸ਼ੀ ਸਮਾਜ

ਜਾਤੀ ਭੇਦ-ਭਾਵ ਜਿਹੀ ਬਿਮਾਰੀ ਤੋਂ ਪੀੜਤ ਸੀ। ਅਮਰੀਕੀ ਮਜ਼ਦੂਰ ਵਰਗ ਵਲੋਂ ਭਾਰਤੀ ਮਜ਼ਦੂਰਾਂ ਤੇ ਹਮਲੇ, ਲੁੱਟ-ਪਾਟ ਅਤੇ ਮਾਰ-ਕੁੱਟ ਦੀਆਂ ਘਟਨਾਵਾਂ ਵੀ ਦੇਖਣ ਵਿਚ ਆਉਂਦੀਆਂ ਸਨ। 1907-8 ਦੇ ਆਰਥਿਕ ਸੰਕਟ ਨੇ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਦਿਤਾ ਸੀ। ਕੈਨੇਡਾ ਵਿਚ ਰਹਿੰਦੇ ਭਾਰਤੀ ਪ੍ਰਵਾਸੀਆਂ ਨੂੰ ਵੀ ਨਸਲਵਾਦੀ ਕਾਨੂੰਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਨਤੀਜੇ ਵਜੋਂ ਇਹ ਵਿਦੇਸ਼ੀ ਸਿਆਸੀ ਤੌਰ ਤੇ ਜਾਗਰਿਤ ਹੋ ਗਏ। ਉਨ੍ਹਾਂ ਦਾ ਮੰਨਣਾ ਸੀ ਕਿ ਸਭ ਬਿਮਾਰੀਆਂ ਦੀ ਜੜ ਰਾਜਨੀਤਿਕ ਗੁਲਾਮੀਂ ਹੈ। ਉਹ ਗੁਲਾਮੀਂ ਦੀਆਂ ਜੰਜ਼ੀਰਾਂ ਤੋਂ ਮੁਕਤ ਹੋਣ ਲਈ 1857 ਦੇ ਗਦਰ ਦੀ ਮਿਸਾਲ ਲੈ ਕੇ ਅੰਗਰੇਜ਼ੀ ਸਮਰਾਜ ਵਿਰੁਧ ਸੰਘਰਸ਼ ਕਰਨ ਲਈ ਲਾਮਬੰਦ ਹੋਣ ਲੱਗੇ। ਦੇਸ਼ ਨੂੰ ਆਜ਼ਾਦ ਕਰਾਉਣ ਲਈ ਖਾੜਕੂ ਸਰਗਰਮੀਆਂ ਸ਼ੁਰੂ ਹੋਣ ਲਗੀਆਂ। ਸਸ਼ਤਰ ਵਿਦਰੋਹ ਦੁਆਰਾ ਗਦਰ ਲਹਿਰ ਚਲਾਉਣ ਦਾ ਸੰਕਲਪ ਕੀਤਾ ਗਿਆ। ਬਹੁਤ ਸਾਰੇ ਸਾਬਕਾ ਫੌਜੀ ਵੀ ਅਮਰੀਕਾ ਅਤੇ ਕੈਨੇਡਾ ਵਿਚ ਵਸਦੇ ਸਨ।

ਗਦਰੀਆਂ ਦੇ ਸੁਪਨੇ ਨੂੰ ਸਾਕਾਰ ਕਰਨ ਲਈ 1913 ਵਿਚ ਅਮਰੀਕਾ ਵਿਚ ਰਹਿੰਦੇ ਹਿੰਦੋਸਤਾਨੀਆ, ਜਿਨ੍ਹਾਂ ਵਿਚ ਬਹੁਗਿਣਤੀ ਸਿੱਖਾਂ ਦੀ ਸੀ, ਨੇ "ਹਿੰਦੀ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ" ਨਾ ਦੀ ਇਕ ਜੱਥੇਬੰਦੀ ਬਣਾਈ ਜਿਸਦਾ ਹੈਡ-ਕੁਆਟਰ ਸਨਫਰਾਸਿਸਕੋ ਵਿੱਚ ਸੀ । ਇਸ ਜੱਥੇਬੰਦੀ ਦੇ ਪਹਿਲੇ ਪ੍ਰਧਾਨ ਇਕ ਮਿਲ ਵਿਚ ਕੰਮ ਕਰਨ ਵਾਲੇ ਸੋਹਨ ਸਿੰਘ ਭਕਨਾ ਸਨ ਅਤੇ ਲਾਲਾ ਹਰਦਿਆਲ ਇਸ ਦੇ ਜਨਰਲ ਸਕੱਤਰ ਸਨ। ਇਸ ਜੱਥੇਬੰਦੀ ਦਾ ਮੁੱਖ ਉਦੇਸ਼ ਹਿਦੋਸਤਾਨੀਆਂ ਨੂੰ ਇਨਕਲਾਬੀ ਪੈਗਾਮ ਦੇ ਕੇ, ਗੁਲਾਮ ਮਾਨਿਸਕਤਾ ਨੂੰ ਖਤਮ ਕਰਕੇ, ਹਰ ਧਰਮ ਦੇ ਲੋਕਾਂ ਨੂੰ ਇਕੱਠਾ ਕਰਕੇ ਅੰਗਰੇਜ਼ੀ ਸਾਮਰਾਜਵਾਦ ਵਿਰੁਧ ਹਥਿਆਰਬੰਦ ਟੱਕਰ ਲੈਣ ਦਾ ਸੀ। ਇਹ ਗੁਲਾਮੀ ਦੀਆਂ ਜੰਜੀਰਾਂ ਨੂੰ ਕੱਟ ਕੇ, ਬੇਇਨਸਾਫੀ ਅਤੇ ਜ਼ਬਰ ਜ਼ਲਮ ਦੇ ਖਿਲਾਫ, ਇਕ ਮੁੱਠ ਹੋ ਕੇ ਲੜਨ-ਮਰਨ ਦਾ ਦ੍ਰਿੜ ਨਿਸ਼ਚਾ ਕਰਕੇ ਆਜ਼ਾਦੀ ਦੇ ਸਗੰਰਾਮ ਵਿਚ ਨਿਤਰਨ ਦਾ ਇਕ ਇਤਿਹਾਸਕ ਕਦਮ ਸੀ। ਇਹ ਜਥੇਬੰਦੀ ਜਾਤ-ਪਾਤ ਦੇ ਵਿਰੁਧ ਸੀ। ਸ਼ੁਧ ਸੈਕੁਲਰਿਜ਼ਮ ਜਿਨ੍ਹਾਂ ਦੀ ਸੋਚ ਦਾ ਖਾਸ ਅੰਗ ਸੀ। ਆਰਥਿਕ ਬਰਾਬਰੀ ਇਨ੍ਹਾ ਦਾ ਨਿਸ਼ਾਨਾ ਸੀ। ਇਹ ਰਾਜੇ ਰਜਵਾੜਿਆਂ ਅਤੇ ਟੋਡੀਆਂ ਦੇ ਖਿਲਾਫ ਸਨ। ਇਹ ਦੇਸ਼ ਵਿਚ ਪੰਚਾਇਤੀ ਰਾਜ ਕਾਇਮ ਕਰਨਾ ਚਾਹੁੰਦੇ ਸਨ। ਗਦਰ ਦੇ ਇਕ ਅੰਕ ਵਿਚ ਗਦਰੀਆਂ ਦੀ ਵਿਚਾਰਧਾਰਾ ਇਸ ਤਰ੍ਹਾਂ ਪੇਸ਼ ਕੀਤੀ ਗਈ:

"ਹਿੰਦ ਭਾਈ ਸਭ ਕਠੇ ਹੋ ਕੇ ਜੰਗ ਦਾ ਬਿਗਲ ਬਜਾ ਦੇਈਏ।

ਲੁੱਟ ਖਜ਼ਾਨੇ ਸਣੇ ਤਸੀਲਾਂ ਗਦਰੀ ਫੌਜ ਬਣਾ ਦੇਈਏ।

ਬੇਈਮਾਨ ਫਰੰਗੀ ਤਾਂਈ ਦੇਸੋਂ ਕੱਢ ਦੁੜਾ ਦੇਈਏ ।

ਰਾਜ ਪੰਚੈਤੀ ਕਾਇਮ ਕਰੀਏ, ਬਾਦਸ਼ਾਹਾਂ ਦੀ ਅਲਖ ਮੁਕਾ ਦੇਈਏ।"[2]

ਗਦਰ ਲਹਿਰ ਵਿਚ ਬਹੁ-ਗਿਣਤੀ ਸਿੱਖਾਂ ਦੀ ਸੀ ਅਤੇ ਇਨ੍ਹਾਂ ਦਾ ਧੁਰ-ਕੇਂਦਰ ਗੁਰਦੁਆਰੇ ਸਨ, ਜਿੱਥੇ ਕਿ ਉਹ ਸਾਰੇ ਇੱਕਠ ਹੋ ਕੇ ਆਪਣੀਆ ਸਾਰੀਆਂ ਸਰਗਰਮੀਆਂ ਦਾ ਪ੍ਰੋਗਰਾਮ ਅਤੇ ਵਿਸ਼ਲੇਸ਼ਨ ਕਰਦੇ ਸਨ । ਵਿਦੇਸ਼ਾਂ ਵਿਚ ਇਹ ਗੁਰਦੁਆਰੇ ਸਾਰੇ ਹਿੰਦੋਸਤਾਨੀਆਂ ਦੀਆਂ ਸਮਾਜਿਕ ਅਤੇ ਸਿਆਸੀ ਗਤੀ ਵਿਧੀਆਂ ਦੇ ਕੇਂਦਰ ਸਨ। ਗਦਰ ਲਹਿਰ ਭਾਂਵੇ ਧਰਮ ਨਿਰਪਖ ਅਤੇ ਗੈਰ-ਫਿਰਕੂ ਖਾੜਕੂ ਲਹਿਰ ਸੀ, ਪ੍ਰੰਤੂ ਇਸ ਵਿਚ ਤਕਰੀਬਨ ਅੱਸੀਂ ਫੀ ਸਦੀ ਤੋਂ ਵੱਧ ਸਿੱਖ ਸ਼ਾਮਲ ਸਨ ਇਨ੍ਹਾਂ ਦੀ ਰਗ-ਰਗ ਵਿਚ ਜੁਝਾਰੂ ਬਿਰਤੀ, ਸਵੈਮਾਨ, ਚੜ੍ਹਦੀ ਕਲ੍ਹਾ, ਦ੍ਰਿੜ-ਵਿਸ਼ਵਾਸ਼, ਸਵਾਰਥ-ਰਹਿਤ ਕੁਰਬਾਨੀ, ਉੱਚੇ-ਸੁੱਚੇ ਮਨੁੱਖੀ ਆਦਰਸ਼ਾਂ ਅਤੇ ਅੰਗਰੇਜ਼ਾਂ ਦੇ ਜ਼ਬਰ-ਜ਼ੁਲਮ ਵਿਰੁਧ ਟੱਕਰ ਲੈਣ ਲਈ ਜੋਸ਼ ਅਤੇ ਬੇਹਦ ਉਤਸ਼ਾਹ ਦਾ ਜਜ਼ਬਾ ਭਰਿਆ ਹੋਇਆ ਸੀ। ਇਨ੍ਹਾਂ ਦਾ ਵਿਸ਼ਵਾਸ਼ ਸੀ ਕਿ ਆਜ਼ਾਦੀ ਗਾਂਧੀ ਦੇ ਸ਼ਾਂਤਮਈ ਕਦਮਾਂ ਤੇ ਚਲ ਕੇ, ਹਕੂਮਤ ਅਗੇ ਗੋਡੇ ਟੇਕ ਕੇ ਪ੍ਰਾਪਤ ਨਹੀਂ ਹੋ ਸਕਦੀ। ਇਨ੍ਹਾਂ ਦੀ ਸਿਆਸੀ ਸੂਝ ਅਤੇ ਸੋਚ ਅਨੁਸਾਰ ਹਿੰਦੁਸਦਾਨ ਦੀ ਗੁਲਾਮੀ ਵਿਚ ਨਿਘਰੀ ਦਸ਼ਾ ਨੂੰ ਉਭਾਰ ਕੇ, ਇਨਕਲਾਬ ਅਤੇ ਕੁਰਬਾਨੀ ਦਾ ਜਜ਼ਬਾ ਭਰ ਕੇ ਸੀਸ ਕਟਾਉਣ ਲਈ ਤੱਤਪਰ ਰਹਿਣ ਨਾਲ ਹੀ ਦੇਸ਼ ਦੀ ਤਕਦੀਰ ਬਦਲੀ ਜਾ ਸਕਦੀ ਸੀ। ਗਦਰੀ ਜੋਸ਼ ਤੇ ਵਿਚਾਰਧਾਰਾ ਨੂੰ ਪ੍ਰਗਟ ਕਰਦੀਆਂ ਕਵਿਤਾ ਦੀਆਂ ਕੁਝ ਸਤਰਾਂ ਇਸ ਤਰ੍ਹਾਂ ਹਨः

"ਤਰਲੇ ਕਰਦਿਆਂ ਨਹੀਂ ਇਨਸਾਫ ਮਿਲਦਾ,
ਜ਼ਾਲਮ ਬਾਦਸ਼ਾਹ ਨੀਚ ਬਦਕਾਰ ਕੋਲੋਂ।
ਬੈਰੀ ਮਿੰਨਤਾਂ ਨਾਲ ਨਾ ਸੂਤ ਔਂਦਾ,
ਠੀਕ ਡਰੇਗਾ ਖੰਡੇ ਦੀ ਧਾਰ ਕੋਲੋਂ।"[3]

"ਕਦੇ ਮੰਗਿਆਂ ਮਿਲਣ ਆਜ਼ਾਦੀਆਂ ਨਾ,
ਹੁੰਦੇ ਤਰਲਿਆਂ ਨਾਲ ਨਾ ਰਾਜ ਲੋਕੋ।
ਗੱਲਾਂ ਨਾਲ ਗੁਲਾਮੀ ਨਾ ਦੂਰ ਹੋਵੇ,
ਸ਼ਾਂਤਮਈ ਨਾ ਕੋਈ ਇਲਾਜ ਲੋਕੋ।"[4]

"ਲੋਲੋ ਪੋਪੋ ਗਾਂਧੀ ਵਾਂਗ ਨਹੀਂ ਕਰਨੀ,

ਸੋਟੀਆਂ, ਪੁਲਸ ਮਾਰ ਨਹੀਂ ਜਰਨੀ।

ਨੁਸਖਾ ਮਮੂਲੀ ਜਾਣੋ ਬਾਈਕਾਟ ਦਾ,

ਵਡਾ ਨੁਸਖਾ ਦੇ ਸਾਡਾ ਸੀਸਕਾਟ ਦਾ।"[5]

ਇਨਕਲਾਬੀ ਨਿਰਣੈ ਲੈਣ ਦੇ ਇਸ ਤਰ੍ਹਾਂ ਦੇ ਜ਼ੋਰਦਾਰ ਪ੍ਰਗਟਾਵੇ ਗਦਰੀ ਸਾਹਿਤ ਵਿਚ ਆਮ ਹੀ ਪਾਏ ਜਾਂਦੇ ਸਨ। ਦੇਸ਼ ਭਗਤੀ ਦੇ ਜਜ਼ਬੇ ਤੇ ਦਿਲਾਂ ਨੂੰ ਹਿਲਾ ਦੇਣ ਵਾਲੀਆਂ ਕਵਿਤਾਵਾਂ ਗਦਰੀਆਂ ਦੇ ਇੱਕਠਾਂ ਵਿਚ ਆਮ ਹੀ ਸੁਣਾਈਆਂ ਜਾਂਦੀਆਂ ਸਨ। ਇਨ੍ਹਾਂ ਦੀਆਂ ਕੁਝ ਵੰਨਗੀਆਂ ਇਸ ਪ੍ਰਕਾਰ ਹਨ। ਇਹ 'ਗਦਰ' ਅਤੇ 'ਗਦਰ ਦੀ ਗੂੰਜ ਦੇ ਅੰਕਾ ਵਿਚ ਦੇਖੀਆਂ ਜਾ ਸਕਦੀਆਂ ਹਨ:

"ਉਠੋ ਸ਼ੇਰ ਮਰਦੋ ਤੱਕ ਰਹੇ ਹੋ ਕੀ,

ਝੱਟ ਫੜ ਲਉ ਇਨ੍ਹਾਂ ਫਰੰਗੀਆਂ ਨੂੰ ।

ਕਾਹਨੂੰ ਰਖੀਆਂ ਹੁਣ ਮਿਆਨ ਅੰਦਰ,

ਹੱਥ ਪਾ ਲਉ ਤੇਗਾਂ ਨੰਗੀਆਂ ਨੂੰ।"[6]

"ਗੱਡ ਦਿਉ ਜੰਗ ਦੀਆਂ ਲਾਲ ਝੰਡੀਆਂ,

ਵੱਢ ਦਿਉ ਗੋਰੇ, ਮੇਮਾਂ ਕਰ ਦਿਉ ਰੰਡੀਆਂ,

ਚਾਰ ਤੇ ਕਰੋੜ ਇਥੇ ਗੋਰੇ ਵਸਦੇ,

ਤੇਤੀ ਤੇ ਕਰੋੜ ਨੇ ਹਿੰਦੀ ਵਸਦੇ,

ਅੱਠ ਅੱਠ ਇਕ ਦੀਆਂ ਪਾਲੋ ਵੰਡੀਆਂ,

ਵੱਢ ਦਿਉ ਗੋਰੇ, ਮੇਮਾਂ ਕਰ ਦਿਉ ਰੰਡੀਆਂ।

ਹਿੰਦ ਦੇ ਬਹਾਦੁਰੋ ਨਹੀਂ ਵੇਲਾ ਸੋਣ ਦਾ ਆ

ਗਿਆ ਵਕਤ ਤੇਗ ਦੇ ਉਠਾਉਣ ਦਾ।" [7]

ਪਹਿਲਾ ਸੰਸਾਰ ਯੁੱਧ ਸ਼ੁਰੂ ਹੋਣ ਤੇ ਗਦਰ ਪਾਰਟੀ ਨੇ ਗਦਰੀਆਂ ਨੂੰ ਦੇਸ਼ ਜਾ ਕੇ ਗਦਰ ਮਚਾਉਣ ਦਾ ਸੱਦਾ ਦੇ ਦਿਤਾ। ਲਾਲਾ ਹਰਦਿਆਲ ਅਤੇ ਉਨ੍ਹਾਂ ਦੇ ਕੁਝ ਸਾਥੀ ਜਰਮਨ ਸਰਕਾਰ ਦੀ ਮਦਦ ਲੈਣ ਲਈ ਜਰਮਨੀ ਪਹੁੰਚੇ ਅਤੇ ਉਥੇ ਜਾ ਕੇ ਬਰਲਿਨ ਕਮੇਟੀ ਸਥਾਪਿਤ ਕੀਤੀ ਗਈ। ਗਦਰੀਆਂ ਨੇ ਆਪਣੀਆਂ ਨੌਕਰੀਆਂ ਛੱਡ ਕੇ ਤੇ ਜਾਇਦਾਦਾ ਤਿਆਗ ਕੇ ਦੇਸ਼ ਵੱਲ ਜਾਣ ਦੀ ਤਿਆਰੀ ਕਰ ਲਈ। ਬਹੁਤ ਸਾਰੇ ਗਦਰੀ ਲੀਡਰ ਜਹਾਜ਼ ਤੋਂ ਉਤਰਦਿਆਂ ਹੀ, ਦੇਸ਼ ਪੁਜਦੇ ਸਾਰ ਹੀ ਫੜੇ ਗਏ। ਜਿਹੜੇ ਗਦਰੀ ਦੇਸ਼ ਪੁਜਣ ਵਿਚ ਸਫਲ ਹੋਏ, ਉਨ੍ਹਾਂ ਦੇ ਰੋਹ ਨੇ ਜਵਾਲਾ ਦਾ ਰੂਪ ਧਾਰ ਲਿਆ। ਉਨ੍ਹਾਂ ਨੇ ਆਪਣੇ ਆਪਣੇ ਇਲਾਕੇ ਵਿਚ ਜ਼ਿਲੇਵਾਰ ਡਿਊਟੀਆਂ ਵੰਡ ਲਈਆਂ। ਉਹ 15-2● ਦੇ ਗਰੁਪ ਬਣਾ ਕੇ ਜਨ-ਸਭਾਵਾਂ ਬਣਾ ਕੇ ਲੋਕਾ ਨੂੰ ਮਿਲਦੇ ਸਨ ਅਤੇ ਪਾਰਟੀ ਵਲੋਂ ਛਾਪਿਆ ਹੋਇਆ ‘ਐਲਾਨੇ ਜੰਗ’, ‘ਗਦਰ ਦੀ ਗੂੰਜ’ ਤੇ ਹੋਰ ਇਨਕਲਾਬੀ ਲਿਖਤਾਂ ਉਨ੍ਹਾਂ ਨੂੰ ਪੜਨ ਤੇ ਵੰਡਣ ਨੂੰ ਦਿੰਦੇ ਸਨ। ਉਹ ਫੌਜੀ ਛਾਉਣੀਆਂ ਵਿਚ ਜਾ ਕੇ ਫੌਜੀਆਂ ਨਾਲ ਸੰਪਰਕ ਕਰ ਕੇ ਉਨ੍ਹਾਂ ਨੂੰ ਨਾਲ ਮਿਲਾ ਕੇ ਗਦਰ ਮਚਾਉਣਾ ਚਾਹੁੰਦੇ ਸਨ ਅਤੇ ਹਥਿਆਰ ਬੰਦ ਵਿਦਰੋਹ ਦਾ ਆਹਵਾਨ ਕਰਨਾ ਚਾਹੁੰਦੇ ਸਨ। ਗਦਰ ਲਹਿਰ ਨੇ ਸਿੱਖ ਫੌਜੀਆਂ ਅੰਦਰ ਕਾਫੀ ਜਾਗਰਿਤੀ ਲੈ ਆਂਦੀ ਸੀ। ਪਹਿਲੇ ਵਿਸ਼ਵ ਯੁਧ ਦੌਰਾਨ ਪੰਜਾਬ ਦੇ ਪਿੰਡਾਂ ਤੋਂ ਗਏ ਸੈਕੜਿਆਂ ਦੀ ਤਦਾਦ ਵਿਚ ਸਿੱਖ ਫੌਜੀ ਮਾਰੇ ਗਏ ਸਨ। ਗਦਰ ਲਹਿਰ ਦੇ ਪ੍ਰਚਾਰ ਸਦਕਾ ਲਾਹੌਰ ਅਤੇ ਫੀਰੋਜ਼ਪੁਰ ਛਾਉਣੀਆਂ ਦੇ ਫੌਜੀ ਵੱਡੀ ਗਿਣਤੀ ਵਿਚ ਦੇਸ਼ ਦੀ ਆਜ਼ਾਦੀ ਲਈ ਲੜ ਮਰਨ ਲਈ ਤਿਆਰ ਸਨ। ਪਰੰਤੂ ਅੰਗ੍ਰੇਜ਼ ਸਰਕਾਰ ਵੀ ਇਹਨਾਂ ਦੀਆਂ ਗਤੀਵਿਧੀਆਂ ਤੇ ਕਰੜੀ ਨਜ਼ਰ ਰੱਖ ਰਹੀ ਸੀ। ਗਦਰੀਆਂ ਦੇ ਭੇਦ ਖੋਲਣ ਲਈ ਸਰਕਾਰ ਦੀ ਸ਼ਹਿ ਤੇ ਗਦਾਰ ਵੀ ਹਰ ਦਮ ਤਿਆਰ ਰਹਿੰਦੇ ਸਨ। ਨਿਜੀ ਸਵਾਰਥ ਨੂੰ ਮੁੱਖ ਰੱਖਦਿਆਂ, ਉਹ ਕੌਮ ਦੇ ਹਿੱਤ ਨੂੰ ਕੁਰਬਾਨ ਕਰ ਦਿੰਦੇ ਸਨ। ਮਿਸਾਲ ਵਜੋਂ, 19 ਫਰਵਰੀ 1915 ਨੂੰ ਫੀਰੋਜ਼ਪੁਰ ਛਾਉਣੀ ਵਿਚ ਜਾਕੇ ਗਦਰ ਮਚਾਉਣ ਦੀ ਸਕੀਮਾਂ ਦਾ ਭੇਦ ਖੁਲ੍ਹ ਜਾਣ ਕਾਰਨ ਗਦਰੀਆਂ ਨੂੰ ਨਿਰਾਸ਼ ਹੋਣਾ ਪਿਆ। ਅੰਗਰੇਜ਼ਾਂ ਨੇ ਚੌਕਸ ਹੋ ਕੇ ਸਭ ਛਾਉਣੀਆਂ ਵਿਚ ਗਦਰੀਆਂ ਨਾਲ ਰਲੀਆਂ ਹੋਈਆਂ ਫੌਜਾਂ ਤੋਂ ਹਥਿਆਰ ਰਖਵਾ ਲਏ। ਗਦਰੀਆਂ ਦੀਆਂ ਸਕੀਮਾਂ ਦਾ ਭੇਦ ਖੋਲ੍ਹਣ ਵਾਲਿਆਂ ਜਾਸੂਸਾਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਵਡੇ ਇਨਾਮ ਦਿਤੇ ਜਾਂਦੇ ਸਨ।[8]

ਕਾਮਾ ਗਾਟਾ ਮਾਰੂ ਹਤਿਆ ਕਾਂਡ ਨੇ ਅੰਗਰੇਜ਼ਾਂ ਵਿਰੁਧ ਲਹਿਰ ਨੂੰ ਹੋਰ ਵੀ ਭੜਕਾ ਦਿਤਾ। ਬਾਬਾ ਗੁਰਦਿਤ ਸਿੰਘ 318 ਸਿੱਖ ਮੁਸਾਫਰਾਂ ਨੂੰ ਕਾਮਾ ਗਾਟਾ ਮਾਰੂ ਜਹਾਜ਼ ਰਾਹੀਂ ਕੈਨੇਡਾ ਲੈ ਕੇ ਗਏ ਸਨ। ਕੈਨੇਡਾ ਵਿਚ ਇਨ੍ਹਾਂ ਨੂੰ ਉਤਰਨ ਦੀ ਇਜਾਜ਼ਤ ਨਾ ਮਿਲਣ ਕਰਕੇ ਜਹਾਜ਼ ਨੂੰ ਹਿੰਦੁਸਤਾਨ ਵਾਪਸ ਆਉਣਾ ਪਿਆ 1 ਸਤੰਬਰ 1914 ਵਿਚ ਬਜ ਬਜ ਘਾਟ ਪਹੰਚਣ ਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਮੁਸਾਫਰਾਂ ਨੂੰ ਗੋਲੀਆਂ ਨਾਲ ਭੁੰਨ ਦਿਤਾ ਗਿਆ। ਬਹੁਤ ਸਾਰੇ ਜ਼ਖਮੀ ਕਰ ਦਿਤੇ ਗਏ ਅਤੇ ਬਾਕੀਆਂ ਨੂੰ ਕੈਦ ਕਰ ਦਿਤਾ ਗਿਆ। ਇਸ ਘਿਨਾਉਣੀ ਅਤੇ ਦਿਲ ਕੰਬਾਊ ਘਟਨਾ ਨੇ ਸਾਰੇ ਦੇਸ਼ ਵਿਚ ਹਾਹਾਕਾਰ ਮਚਾ ਦਿਤੀ ਪਰੰਤੂ ਕਾਂਗਰਸ ਦੀ ਸੋਚ ਅੰਗਰੇਜ਼ਾਂ ਵਿਰੁਧ ਨਾ-ਮਿਲਵਰਤਣ ਤਕ ਹੀ ਸੀਮਿਤ ਰਹੀ। ਚਾਹੀਦਾ ਤਾਂ ਇਹ ਸੀ ਕਿ ਕਾਂਗਰਸ ਆਪਣੇ ਦੇਸ਼ ਵਾਸ਼ੀਆਂ ਦੇ ਅਧਿਕਾਰਾਂ ਦੀ ਰਾਖੀ ਦ੍ਰਿੜਤਾ ਨਾਲ ਕਰਦੀ ਪਰ ਅਜਿਹੇ ਗੰਭੀਰ ਅਤੇ ਦੁਖਦਾਈ ਮਸਲਿਆਂ ਤੋਂ ਵੀ ਗਾਂਧੀ ਦੀ ਵਾਗਡੋਰ ਹੇਠਾਂ ਚਲ ਰਹੀਂ ਕਾਂਗਰਸ ਪਾਰਟੀ ਦਾ ਰਵਈਆ ਉਚਿੱਤ ਨਹੀਂ ਸੀ। ਕਾਂਗਰਸ ਅਤੇ ਸਿੱਖਾਂ ਦੇ ਮਤ ਭੇਦ ਵਧਦੇ ਗਏ। ਕਾਂਗਰਸ ਦੀ ਨੀਤੀ ਮਿੰਨਤਾਂ ਤਰਲੇ ਕਰਕੇ ਅੰਗਰੇਜ਼ ਸਰਕਾਰ ਤੇ ਕੁਝ ਰਿਆਇਤਾਂ ਲੈਣ ਤਕ ਹੀ ਸੀਮਿਤ ਸੀ। ਕਾਂਗਰਸੀ ਨੇਤਾ ਦਬੀ ਅਵਾਜ਼ ਵਿਚ ਵੱਧ ਤੋਂ ਵੱਧ 'ਡੋਮੀਨਅਨ ਸਟੇਟਸ' ਦੀ ਗੱਲ ਕਰਦੇ ਸਨ। ਸੰਪੂਰਨ ਆਜ਼ਾਦੀ ਦਾ ਮਤਾ ਤਾਂ ਕਾਂਗਰਸ ਨੇ ਦਸੰਬਰ 1929 ਵਿਚ ਆਪਣੇ ਲਾਹੌਰ ਸੈਸ਼ਨ ਵਿਚ ਭਗਤ ਸਿੰਘ ਵਰਗੇ ਗਰਮ ਖਿਆਲੀਆਂ ਦਾ ਅਸਰ ਰਸੂਖ ਵਧਦਾ ਵੇਖ ਕੇ ਪਾਸ ਕੀਤਾ ਸੀ। ਦੂਜੇ ਪਾਸੇ ਗਦਰੀ ਆਪਣੀ ਜਨਮ ਭੂੰਮੀ ਨੂੰ ਆਜ਼ਾਦ ਕਰਾਉਣ ਲਈ ਆਪਣੀਆਂ ਜਾਨਾਂ ਦੀ ਕੁਰਬਾਨੀ ਦੇਣ ਦਾ ਸੰਕਲਪ ਲੈ ਰਹੇ ਸਨ।

ਗਦਰੀ ਸਿੱਖ ਭਾਵਨਾਤਮਿਕ ਅਤੇ ਮਾਨਸਿਕ ਤੌਰ ਤੇ ਆਪਣੀ ਜਨਮ ਭੂਮੀ ਨਾਲ ਜੁੜੇ ਹੋਏ ਸਨ ਅਤੇ ਉਨ੍ਹਾਂ ਦੀ ਰਗ-ਰਗ ਅੰਦਰ ਦੇਸ਼ ਭਗਤੀ ਅਤੇ ਕੁਰਬਾਨੀ ਦਾ ਜਜ਼ਬਾ ਭਰਿਆਂ ਹੋਇਆ ਸੀ। ਉਨ੍ਹਾਂ ਦੀ ਸੋਚ ਫਿਰਕਾਪਰਸਤੀ ਅਤੇ ਜਾਤ-ਪਾਤ ਦੇ ਭੇਦ ਭਾਵ ਤੋਂ ਬਿਲਕੁਲ ਉੱਪਰ ਸੀ। ਗਦਰ ਲਹਿਰ ਦੀ ਸਫਲਤਾ ਲਈ ਫਿਰਕੂ ਏਕਤਾ ਬਹੁਤ ਜ਼ਰੂਰੀ ਸੀ। ਧਰਮ ਨਿਰਪੇਖਤਾ ਇਸ ਲਹਿਰ ਦਾ ਬੁਨਿਆਦੀ ਨਿਯਮ ਬਣਾਇਆ ਗਿਆ ਸੀ। ਲਹਿਰ ਦਾ ਇਨਕਲਾਬੀ ਪ੍ਰੋਗਰਾਮ ਉਲੀਕਣ ਸਮੇਂ ਸਭ ਨੇਤਾ ਆਪਣੇ ਭੇਦ-ਭਾਵ ਅਤੇ ਜ਼ਾਤੀ ਮੁਫਾਦ ਤਿਆਗ ਕੇ ਅਹਿਮ ਭੂਕਿਮਾ ਨਿਭਾਉਂਦੇ ਰਹੇ। ਲਾਲਾ ਹਰਦਿਆਲ ਨੇ ਆਪਣੀਆਂ ਲਿਖਤਾਂ ਅਤੇ ਸਪੀਚਾਂ ਰਾਹੀਂ ਆਪਣੀ ਬੌਧਿਕ ਸੂਝ-ਬੂਝ ਦਾ ਅਛਾ ਪ੍ਰਦਰਸ਼ਨ ਕੀਤਾ ਪਰ ਉਹ ਫਿਰਕੂ ਵਿਚਾਰਧਾਰਾ ਤੋਂ ਉਪਰ ਨਾ ਉਠ ਸਕੇ। ਉਹ ਹਿੰਦੂ ਮਹਾ ਸਭਾ ਦੇ ਆਗੂ ਸਵਾਰਕਰ ਦੀਆਂ ਫਿਰਕੂ ਲਿਖਤਾਂ ਤੋਂ ਪ੍ਰਭਾਵਿਤ ਹੋ ਕੇ ਹਿੰਦੂ ਸੰਗਠਨ ਅਤੇ ਹਿੰਦੂ ਰਾਸ਼ਟਰ ਦੀ

ਚਰਚਾ ਕਰਨ ਲਗ ਪਏ। 'ਗਦਰ' ਦੇ ਹਰ ਅੰਕ ਵਿਚ ਉਹ ਸਵਾਰਕਰ ਦੀ ਵਿਚਾਰਧਾਰਾ ਦਾ ਜ਼ਿਕਰ ਕਰਦੇ ਸਨ। ਉਧਰ ਪੰਜਾਬ ਵਿਚ ਸਿੰਘ ਸਭਾ ਲਹਿਰ ਅਤੇ ਆਰੀਆ ਸਮਾਜ ਦੇ ਨੇਤਾਵਾਂ ਵਿਚ ਚਲ ਰਹੇ ਆਪਸੀ ਫਿਰਕੂ ਵਾਦ-ਵਿਵਾਦ ਕਾਰਨ ਵੀ ਹਿੰਦੂ-ਸਿੱਖ ਜਾਤੀ ਭੇਦ-ਭਾਵ ਉਭਰ ਕੇ ਸਾਹਮਣੇ ਆਏ।[9] ਇਸ ਕਾਰਨ ਗਦਰ ਲਹਿਰ ਨੂੰ ਕਈ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਲਹਿਰ ਨੂੰ ਆਪਣੇ ਦੇਸ਼ ਵਿਚੋਂ ਉਹ ਭਰਵਾਂ ਹੁੰਗਾਰਾ ਨਾ ਮਿਲਿਆ, ਜਿਸ ਦੀ ਉਨ੍ਹਾਂ ਨੂੰ ਉਮੀਦ ਸੀ।

ਗਦਰ ਲਹਿਰ ਦੀ ਸਫਲਤਾ ਦੇਸ਼ ਵਾਸੀਆਂ ਦੇ ਸਹਿਯੋਗ ਅਤੇ ਇਕਸੁਰਤਾ ਤੇ ਨਿਰਭਰ ਸੀ। ਗਦਰੀਆਂ ਦੀ ਇਨਕਲਾਬੀ ਵਿਚਾਰਧਾਰਾ ਗਾਂਧੀ ਵਲੋਂ ਅੰਗਰੇਜ਼ੀ ਸਰਕਾਰ ਵਿਰੁਧ ਚਲਾਈ ਸ਼ਾਂਤਮਈ ਨਾਮਿਲਵਰਤਣ ਲਹਿਰ ਨਾਲ ਬਿਲਕੁਲ ਵੀ ਮੇਲ ਨਹੀਂ ਸੀ ਖਾਂਦੀ। ਵੈਸੇ ਤਾਂ ਕਾਂਗਰਸ ਵੀ ਨਰਮ ਅਤੇ ਗਰਮ ਦੋ ਧੜਿਆਂ ਵਿਚ ਵੰਡੀ ਹੋਈ ਸੀ ਪਰ ਗਾਂਧੀ ਦੇ ਨਰਮ ਧੜੇ ਦਾ ਹੀ ਪਲੜਾ ਭਾਰੀ ਸੀ। ਅੰਗਰੇਜ਼ੀ ਸਰਕਾਰ ਨੂੰ ਵੀ ਖਾੜਕੂ ਸਰਗਰਮੀਆਂ ਦੇ ਮੁਕਾਬਲੇ ਤੇ ਗਾਂਧੀ ਦੇ ਸ਼ਾਂਤਮਈ ਅੰਦੋਲਨ ਤੇ ਜ਼ਿਆਦਾ ਇਤਰਾਜ਼ ਨਹੀਂ ਸੀ। ਪਹਿਲੇ ਮਹਾਂਯੁਧ ਦੌਰਾਨ ਗਾਂਧੀ ਵਲੋਂ ਅੰਗਰੇਜ਼ੀ ਸਰਕਾਰ ਨੂੰ ਦਿਤਾ ਸਹਿਯੋਗ ਗਦਰ ਲਹਿਰ ਲਈ ਘਾਤਕ ਸਿਧ ਹੋਇਆ। ਯੁਧ ਤੋਂ ਬਾਦ ਅੰਗਰੇਜ਼ੀ ਸਰਕਾਰ ਨੇ ਇਸ ਸਹਿਯੋਗ ਦੀ ਪ੍ਰਸੰਸਾ ਵਜੋਂ ਗਾਂਧੀ ਨੂੰ 'ਕੈਸਰੇ ਹਿੰਦ ਮੈਡਲ' ਅਤੇ 'ਜ਼ੁਲੂ ਮੈਡਲ' ਪਰਦਾਨ ਕੀਤੇ। ਗਾਂਧੀ ਅਤੇ ਉਨ੍ਹਾਂ ਦੇ ਸਾਥੀ ਗਦਰੀਆਂ ਪ੍ਰਤੀ ਨਫਰਤ ਦਾ ਰਵਈਆ ਰਖਦੇ ਸਨ। ਗੋਪਾਲ ਕ੍ਰਿਸ਼ਨ ਗੋਖਲੇ ਨੇ ਵੀ ਗਦਰੀਆਂ ਦੀ ਨਿਖੇਧੀ ਕੀਤੀ। ਕਾਂਗਰਸ ਦੇ ਪ੍ਰਚਾਰਕ ਕੈਲੀਫੋਰਨੀਆਂ ਪਹੁੰਚ ਕੇ ਪ੍ਰਚਾਰ ਕਰਨ ਲਗ ਪਏ ਸਨ : 'ਗਦਰ ਪਾਰਟੀ ਤੋੜ ਦਿਉ, ਗਾਂਧੀ ਨੂੰ ਮੰਨੋ।' ਸਾਨ ਫਰਾਂਸਿਸਕੋ ਵਿਚ 1917-1918 ਦੌਰਾਨ ਚਲੇ ਹਿੰਦੂ-ਜਰਮਨ ਕੰਸਪੀਰੇਸੀ ਕੇਸ ਤੋਂ ਬਾਅਦ ਅਮਰੀਕੀ ਸਰਕਾਰ ਨੇ ਗਦਰੀਆਂ ਵੱਲ ਬੜਾ ਸਖਤ ਰਵਈਆ ਅਖਤਿਆਰ ਕਰ ਲਿਆ ਸੀ। ਗਦਰੀਆਂ ਦੇ ਸਿਰ ਉਤੇ ਹਰ ਵੇਲੇ ਦੇਸ਼ ਨਿਕਾਲੇ ਦੀ ਤਲਵਾਰ ਲਟਕਦੀ ਰਹਿੰਦੀ ਸੀ।[10]

ਸਹਿਯੋਗ ਨਾ ਮਿਲਣ ਦੇ ਕਈ ਕਾਰਨ ਸਨ। ਜਿਵੇਂ ਕਿ ਪਹਿਲਾ ਦੱਸਿਆ ਜਾ ਚੁਕਿਆ ਹੈ ਕਿ ਸਿੱਖੀ ਜੀਵਨ ਵਿਚ ਗੁਰਦੁਆਰਿਆਂ ਦੀ ਬਹੁਤ ਅਹਿਮੀਅਤ ਹੈ। ਪ੍ਰੰਤੂ ਇਸ ਸਮੇਂ ਗੁਰਦੁਆਰਿਆਂ ਅੰਦਰ ਸਿੱਖ ਧਰਮ ਮਰਿਆਦਾ ਅਤੇ ਸਿੱਖੀ ਰਹਿਤ ਦਾ ਅਭਾਵ ਸੀ। ਬ੍ਰਾਹਮਣੀ ਰੀਤੀ-ਰਸਮਾਂ ਦਿਨ-ਬ-ਦਿਨ ਵੱਧ ਰਹੀਆਂ ਸਨ। ਗੁਰਦੁਆਰਿਆਂ ਦਾ ਕੰਟਰੋਲ ਵਿਦੇਸ਼ੀ ਸਰਕਾਰ ਦੇ ਪਿੱਠੂ ਮਹੰਤਾਂ-ਪੁਜਾਰੀਆਂ ਕੋਲ ਸੀ ਜੋ ਸਰਕਾਰ ਦੀ ਸ਼ਹਿ ਤੇ ਮਨਮਾਨੀਆਂ ਕਰਦੇ ਸਨ। ਉਹ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਦੇ ਸਨ। ਇਖਲਾਕੀ ਤੌਰ ਤੇ ਭੀ ਉਨ੍ਹਾਂ ਵਿਚ

ਆਚਰਨਹੀਣਤਾ ਆ ਚੁੱਕੀ ਸੀ। ਉਹ ਦੁਨਿਆਵੀ ਐਸ਼ ਇਸ਼ਰਤ ਅਤੇ ਪਦਾਰਥਾਂ ਦੇ ਭੋਗ ਤੋਂ ਉੱਕਾ ਵੀ ਸੰਕੋਚ ਨਹੀਂ ਕਰਦੇ ਸਨ। ਧਾਰਮਿਕ ਕੁਰੀਤੀਆਂ ਜ਼ੋਰ ਫੜ ਰਹੀਆਂ ਸਨ। ਮਹੰਤਾ ਤੇ ਪੁਜਾਰੀਆ ਨੇ ਸਿੱਖ ਆਦਰਸ਼ਾ ਦੀ ਪੂਰਤੀ ਦੀ ਬਜਾਏ ਹਿੰਦੂ ਰਸਮਾਂ ਨੂੰ ਗੁਰਦੁਆਰਿਆ ਵਿਚ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਸੀ। ਇਹ ਸਿੰਘ ਸਭਾ ਲਹਿਰ ਲਈ ਵੀ ਵੱਡੀ ਘਿਰਣਾ ਰਖਦੇ ਸਨ। ਉਨ੍ਹਾਂ ਦੀ ਸੁਧਾਰਿਕ ਮੁਹਿੰਮ ਇਨ੍ਹਾਂ ਦੇ ਮਨ ਨੂੰ ਨਹੀਂ ਸੀ ਭਉਂਦੀ। ਉਨ੍ਹਾਂ ਲਈ 'ਸਿੰਘ ਸਫੀਏ' ਵਰਗੀ ਘਿਰਣਾਜਨਕ ਸ਼ਬਦਾਵਲੀ ਵਰਤੀ ਜਾਂਦੀ ਸੀ ਅਤੇ ਧਰਮ ਅਸਥਾਨਾਂ ਅੰਦਰ ਉਨ੍ਹਾਂ ਦੀ ਬੇਇਜ਼ਤੀ ਕੀਤੀ ਜਾਂਦੀ ਸੀ ਉਨ੍ਹਾਂ ਦੀਆਂ ਕਿਰਪਾਨਾਂ ਉਤਾਰ ਲਈਆ ਜਾਂਦੀਆ ਸਨ। ਨੌਬਤ ਇਥੋ ਤੱਕ ਆ ਗਈ ਕਿ ਲਾਹੌਰ ਸਿੰਘ ਸਭਾ ਦੇ ਆਗੂ ਪ੍ਰੋ: ਗੁਰਮੁਖ ਸਿੰਘ ਨੂੰ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਕਰ ਕੇ ਪੰਥ ਵਿਚੋਂ ਛੇਕ ਦਿੱਤਾ ਗਿਆ। ਸ੍ਰੀ ਅਕਾਲ ਤਖ਼ਤ ਤੋਂ ਜਾਰੀ ਕੀਤੇ ਇਕ ਹੋਰ ਹੁਕਮਨਾਮੇ ਦੁਆਰਾ ਕਾਮਾ ਗਾਟਾ ਮਾਰੂ ਦੀ ਘਟਨਾ ਨਾਲ ਸਬੰਧਤ ਬਾਬਾ ਗੁਰਦਿੱਤ ਸਿੰਘ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਨੂੰ ਵੀ ਤਨਖਾਈਆ ਕਰਾਰ ਕਰ ਦਿੱਤਾ ਗਿਆ। ਗਦਰ ਲਹਿਰ ਨਾਲ ਜੁੜੇ ਬਾਬਾ ਵਿਸਾਖਾ ਸਿੰਘ ਅਤੇ ਭਾਈ ਰਣਧੀਰ ਸਿੰਘ ਨੂੰ ਵੀ ਹੁਕਮਨਾਮੇ ਦੁਆਰਾ ਪੰਥ ਵਿਚੋਂ ਛੇਕ ਦਿੱਤਾ ਗਿਆ। ਪਹਿਲੇ ਮਹਾਂਯੁਧ ਵਿਚ ਅੰਗਰੇਜ਼ਾਂ ਦੀ ਸਫਲਤਾ ਲਈ ਵੀ ਦਰਬਾਰ ਸਾਹਿਬ ਤੋਂ ਅਰਦਾਸ ਕੀਤੀ ਗਈ। ਹੱਦ ਐਥੋਂ ਤੱਕ ਆ ਗਈ ਕਿ ਸਨ, 1919 ਦੇ ਜਲਿਆ ਵਾਲੇ ਕਾਂਡ ਦੇ ਦੋਸ਼ੀ ਜਨਰਲ ਡਾਇਰ ਨੂੰ ਅਕਾਲ ਤਖ਼ਤ ਤੋਂ ਸਿਰੋਪਾਉ ਨਾਲ ਨਿਵਾਜਿਆ ਗਿਆ ਅਤੇ ਉਸ ਨੂੰ ਸਿੰਘ ਸਜਾਉਣ ਦਾ ਸ਼ਰਮਨਾਕ ਨਾਟਕ ਵੀ ਕੀਤਾ ਗਿਆ। ਇਨ੍ਹਾਂ ਘਟਨਾਵਾਂ ਨੇ ਸਿੱਖਾਂ ਨੂੰ ਪੂਰਾ ਅਹਿਸਾਸ ਕਰਵਾ ਦਿੱਤਾ ਕਿ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੇ ਨਾਲ ਨਾਲ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਦੀ ਆਜ਼ਾਦੀ ਲਈ ਜਦੋ-ਜਹਿਦ ਵੀ ਉਨਾ ਨੂੰ ਉਨੀ ਹੀ ਜ਼ਰੂਰੀ ਹੈ। ਇਸ ਦੇ ਨਾਲ ਹੀ ਗੁਰਦੁਆਰਿਆਂ ਦੀ ਪਵਿਤਰਤਾ ਅਤੇ ਸਿੱਖ ਮਰਿਯਾਦਾ ਕਾਇਮ ਰਹਿ ਸਕਦੀ ਸੀ। ਧਰਮ ਅਤੇ ਧਰਮ ਅਸਥਾਨਾਂ ਤੇ ਲਾਈਆਂ ਬੰਦਸ਼ਾਂ ਨਾਲ ਸਿੱਖ ਕੌਮ ਦੀ ਸਹੀ ਨੁਮਾਇੰਦਗੀ ਨਹੀਂ ਹੋ ਸਕਦੀ ਸੀ।

ਉਪਰੋਕਤ ਕਾਰਨਾਂ ਕਰਕੇ ਗਦਰ ਲਹਿਰ ਆਪਣੇ ਮਿਥੇ ਟੀਚੇ ਵਿਚ ਸਫਲ ਨਾ ਹੋ ਸਕੀ। ਲਹਿਰ ਨੂੰ ਸਹੀ ਅਗਵਾਈ ਦੇਣ ਵਾਲਾ ਕੋਈ ਲੀਡਰ ਵੀ ਨਜ਼ਰ ਨਹੀਂ ਸੀ ਆਉਂਦਾ। ਚਾਰ ਪੰਜ ਸਾਲ ਦੇ ਅਰਸ਼ੇ ਵਿਚ ਹੀ ਲਹਿਰ ਦੇ ਸਰਗਰਮ ਵਰਕਰ ਫੜੇ ਗਏ। ਇਸ ਨਾਲ ਪਹਿਲਾਂ ਬਣਾਈ ਜਥੇਬੰਦੀ ਦਾ ਢਾਚਾ ਟੁੱਟ ਗਿਆ। ਮਾਰਚ 1915 ਨੂੰ ਡੀਫੈਂਸ ਆਫ ਇੰਡੀਆ ਐਕਟ ਪਾਸ ਕੀਤਾ ਗਿਆ। ਇਸ ਦੇ ਅਧੀਨ ਗਦਰੀਆਂ ਤੇ ਸਖ਼ਤ ਕਾਰਵਾਈ ਕਰਨ ਦੇ

ਆਦੇਸ਼ ਦਿਤੇ ਗਏ। ਪੰਜਾਬ ਦੇ 23 ਵਿਚੋਂ 16 ਜ਼ਿਲਿਆਂ ਵਿੱਚ ਇਹ ਐਕਟ ਸਖਤੀ ਨਾਲ ਲਾਗੂ ਕਰ ਦਿਤਾ ਗਿਆ। ਗਦਰੀਆਂ ਉਪਰ ਮੁਕਦਮੇ ਚਲਾਏ ਗਏ। 291 ਵਰਕਰਾਂ ਨੂੰ ਦੋਸ਼ੀ ਠਹਿਰਾਇਆ ਗਿਆ। ਇਨ੍ਹਾਂ ਵਿਚੋਂ 42 ਨੂੰ ਫਾਂਸੀ ਲਗਾ ਦਿਤੀ ਗਈ। 114 ਨੂੰ ਉਮਰ ਕੈਦ ਦੀ ਸਜ਼ਾ ਦਿਤੀ ਗਈ ਅਤੇ 93 ਨੂੰ ਵੱਖ-ਵੱਖ ਅਰਸੇ ਲਈ ਕੈਦ ਭੁਗਤਣੀ ਪਈ। ਇਤਿਹਾਸ ਇਸ ਗਲ ਦੀ ਸ਼ਾਹਦੀ ਭਰਦਾ ਹੈ ਕਿ ਜਿਸ ਤਰੀਕੇ ਨਾਲ ਗਦਰੀਆਂ ਨੇ ਜੇਲ੍ਹਾਂ ਦੀਆਂ ਅਕਿਹ ਸਖਤੀਆਂ ਦਾ ਸਾਹਮਣਾ ਕੀਤਾ, ਸੱਚ, ਧਰਮ ਅਤੇ ਆਜ਼ਾਦੀ ਦੀ ਖਾਤਰ ਆਪਣੀ ਜਾਨ ਤਲੀ ਤੇ ਰਖੀ, ਉਸ ਦੇ ਪਿੱਛੇ ਗੁਰੂਆਂ ਦੀ ਕੋਈ ਅਲੌਕਿਕ ਸ਼ਕਤੀ ਜਾਂ ਰਮਜ਼ ਹੀ ਕੰਮ ਕਰਦੀ ਸੀ। ਵੈਨਕੂਵਰ ਵਿਚ ਜਦੋਂ ਭਾਈ ਮੇਵਾ ਸਿੰਘ ਨੂੰ ਇਮੀਗਰੇਸ਼ਨ ਅਧਿਕਾਰੀ ਹੌਪਕਿਨਸਨ ਦੇ ਕਤਲ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਤਾਂ ਉਨ੍ਹਾਂ ਦੇ ਚੇਹਰੇ ਤੇ ਕੋਈ ਘਬਰਾਹਟ ਜਾਂ ਉਦਾਸੀ ਨਾ ਆਈ। ਉਨ੍ਹਾਂ ਨੇ ਅਡੋਲ ਰਹਿ ਕੇ ਕਿਹਾ ਕਿ ਉਨ੍ਹਾਂ ਨੂੰ ਸੂਰਮੇ ਦੀ ਮੌਤ ਹੀ ਕਬੂਲ ਹੈ ਅਤੇ ਉਨ੍ਹਾਂ ਨੇ ਇਹ ਸ਼ਬਦ ਉਚਾਰਨਾਂ ਸ਼ੁਰੂ ਕਰ ਦਿੱਤਾ :

"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ॥"

ਉਨ੍ਹਾਂ ਨੇ ਹੌਪਕਿਨਸਨ, ਜਿਸ ਨੇ ਕਾਮਾ ਗਾਟਾ ਮਾਰੂ ਕਾਂਡ ਵਿਚ ਵੀ ਖਲਨਾਇਕ ਦੀ ਭੂਕਿਮਾ ਨਿਭਾਈ ਸੀ, ਦੇ ਕਤਲ ਦੇ ਦੋਸ਼ ਨੂੰ ਕਬੂਲ ਕਰਦਿਆਂ ਕਿਸੇ ਵਕੀਲ ਦੀ ਮਦਦ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ: ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ ਹੌਪਕਿਨਸਨ ਦਾ ਕਤਲ ਕੀਤਾ ਹੈ। ਅੰਤ ਵਿਚ ਉਹ 'ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ' ਦਾ ਸ਼ਬਦ ਪੜ੍ਹਦੇ ਹੋਏ, ਚੜ੍ਹਦੀ ਕਲਾ ਵਿਚ ਰਹਿ ਕੇ ਫਾਂਸੀ ਦੇ ਤਖਤੇ ਤੇ ਲਟਕ ਗਏ। ਗਦਰੀਆਂ ਦੀ ਰਗ-ਰਗ ਵਿਚੋਂ ਜੋ ਲਗਨ, ਆਤਮ-ਤਿਆਗ ਅਤੇ ਕੁਰਬਾਨੀ ਦਾ ਜਜ਼ਬਾ ਭਰਿਆ ਹੋਇਆ ਸੀ, ਉਹ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ। ਉਹ ਗੁਰਬਾਣੀ ਦੇ ਸ਼ਬਦ ਉਚਾਰਦੇ ਅਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਜੇਲ੍ਹਾਂ ਵਿਚ ਜਾਂਦੇ ਸਨ ਅਤੇ ਨਿਧੜਕ ਹੋ ਕੇ ਫਾਂਸੀ ਕਬੂਲ ਕਰਦੇ ਸਨ। ਖਾਲਸਾ ਦੀਵਾਨ ਸੁਸਾਇਟੀ, ਵੈਨਕੁਵਰ ਦੇ ਪ੍ਰਧਾਨ ਭਾਈ ਬਲਵੰਤ ਸਿੰਘ ਜੇਲ੍ਹ ਵਿਚ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਆਪਣੇ ਨਾਲ ਰਖਦੇ ਸਨ। ਉਨ੍ਹਾਂ ਨੂੰ ਫਾਂਸੀ ਲਗਣ ਤੋਂ ਬਾਦ ਉਨ੍ਹਾਂ ਦੀ ਪਤਨੀ ਕਰਤਾਰ ਕੌਰ, ਜੋ ਕਵਿਤਾ ਲਿਖਣ ਵਿਚ ਰੁਚੀ ਰੱਖਦੇ ਸਨ, ਨੇ ਇਕ ਸੁਆਲ ਦੇ ਜੁਆਬ ਵਿਚ ਕਿਹਾ, 'ਕੈਨੇਡਾ-ਅਮਰੀਕਾ

ਦੇ ਸਿੰਘ, ਸੂਰਮੇ ਸਿੱਖੀ ਸਿਰਾਂ ਸੰਗ ਨਿਭਾ ਗਏ ਨੇ, ਜ਼ੁਲਮ ਨਾਲ ਲੜਦਿਆਂ ਸ਼ਹੀਦੀਆਂ ਪਾ ਗਏ ਨੇ, ਸਵਾ-ਸਵਾ ਲੱਖ ਨਾਲ ਟਕਰਾ ਗਏ ਨੇ।[13] ਇਹ ਕੁਰਬਾਨੀਆਂ ਉਨ੍ਹਾਂ ਦੇ ਦੇਸ਼ ਵਾਸੀਆਂ ਲਈ ਵੰਗਾਰ ਬਣ ਗਈਆਂ।

ਅਪ੍ਰੈਲ 1917 ਵਿਚ ਅਮਰੀਕਾ ਇੰਗਲੈਂਡ ਦੇ ਮਿੱਤਰ ਦੇਸ਼ ਵਜੋਂ ਸੰਸਾਰ ਯੁਧ ਵਿਚ ਸ਼ਾਮਲ ਹੋ ਗਿਆ। ਇੰਗਲੈਂਡ ਵਲੋਂ ਪਾਏ ਦਬਾਉ ਕਾਰਨ ਅਮਰੀਕੀ ਸਰਕਾਰ ਨੇ ਗਦਰੀ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਨ੍ਹਾਂ ਉਤੇ ਸਾਨਫਰਾਂਸਿਸਕੋ ਵਿਚ 'ਹਿੰਦ-ਜਰਮਨ ਕੰਸਪੀਰੇਸੀ' ਨਾਂ ਦਾ ਮੁਕਦਮਾ ਚਲਾਇਆ । ਅਮਰੀਕਾ ਵਿਚੋਂ ਦੇਸ਼ ਨਿਕਾਲੇ ਦੀ ਤਲਵਾਰ ਉਨ੍ਹਾਂ ਦੇ ਸਿਰਾਂ ਤੇ ਲਟਕਣ ਲਗ ਪਈ। ਦੇਸ਼ ਨਿਕਾਲੇ ਦੀ ਸੂਰਤ ਵਿਚ ਇਨ੍ਹਾਂ ਗਦਰੀਆਂ ਨੂੰ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਵਲੋਂ ਫਾਂਸੀ ਜਾਂ ਉਮਰ ਕੈਦ ਦੀ ਸਜ਼ਾ ਦਿੱਤੀ ਜਾਣੀ ਯਕੀਨੀ ਸੀ। ਬਹੁਤ ਸਾਰੇ ਗਦਰੀ ਲੀਡਰਾ ਨੂੰ ਸਜ਼ਾਵਾਂ ਹੋ ਗਈਆਂ। ਇਸ ਨਾਲ ਲਹਿਰ ਨੂੰ ਬਹੁਤ ਧੱਕਾ ਲੱਗਾ। ਬਾਕੀ ਬਚਦੇ ਗਦਰੀਆਂ ਨੇ ਅੰਤ ਤੱਕ ਪਾਰਟੀ ਦੀ ਜੋਤ ਨੂੰ ਜਗਦੀ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਜਥੇਬੰਦੀ ਦਾ ਢਾਂਚਾ ਟੁਟ ਚੁਕਿਆ ਸੀ। ਉਧਰ ਪਾਰਟੀ ਦੀ ਵਾਗਡੋਰ ਸੰਭਾਲਣ ਵਾਲੇ ਲਾਲਾ ਹਰਦਿਆਲ ਦਾ ਵਤੀਰਾ ਵੀ ਬਿਲਕੁਲ ਬਦਲ ਚੁਕਿਆ ਸੀ। ਇਨਕਲਾਬੀ ਲਿਖਤਾਂ ਲਿਖਣ ਵਾਲੇ ਅਤੇ ਜੋਸ਼ੀਲੇ ਭਾਸ਼ਣ ਦੇਣ ਵਾਲੇ ਹਰਦਿਆਲ ਹੁਣ ਗਾਂਧੀ ਦੇ ਸ਼ਾਂਤਮਈ ਅੰਦੋਲਨ ਦਾ ਸਮਰਥਨ ਕਰਨ ਲੱਗ ਪਏ ਸਨ। ਹਿੰਦੂ ਮਹਾਂ ਸਭਾ ਦੇ ਪ੍ਰਧਾਨ ਜੀ. ਡੀ. ਸਵਾਰਕਰ, ਜਿਨ੍ਹਾਂ ਦੀਆਂ ਇਨਕਲਾਬੀ ਲਿਖਤਾਂ ਤੋਂ ਹਰਦਿਆਲ ਬਹੁਤ ਪ੍ਰਭਾਵਿਤ ਸਨ, ਵੀ ਗਾਂਧੀ ਵਿਚਾਰਧਾਰਾ ਦੇ ਸਮਰਥਕ ਬਣ ਗਏ।[14] ਹਰਦਿਆਲ ਅਤੇ ਸਵਾਰਕਰ ਦੋਨੋਂ ਨੇ ਹੀ ਨਿਜੀ ਸਵਾਰਥ ਨੂੰ ਮੁਖ ਰਖਦਿਆਂ ਅੰਗਰੇਜ਼ੀ ਸਰਕਾਰ ਅਗੇ ਝੁਕਣ ਦਾ ਫੈਸਲਾ ਕਰ ਲਿਆ ਅਤੇ ਲਿਖਤੀ ਰੂਪ ਵਿਚ ਮੁਆਫੀ ਮੰਗ ਲਈ।[15] ਹਰਦਿਆਲ ਨੇ ਜਰਮਨੀ ਜਾ ਕੇ ਉਥੋਂ ਦੀ ਸਰਕਾਰ ਤੋਂ ਗਦਰ ਪਾਰਟੀ ਲਈ ਮਦਦ ਲੈਣ ਲਈ ਹੋਰ ਹਿੰਦੁਸਤਾਨੀਆਂ ਦੇ ਸਹਿਯੋਗ ਨਾਲ ਇਕ 'ਬਰਨਿਲ ਕਮੇਟੀ' ਦੇ ਨਾਮ ਦੀ ਸੰਸਥਾ ਦਾ ਸੰਗਠਨ ਕੀਤਾ ਸੀ ਪਰੰਤੂ ਹੁਣ ਉਨ੍ਹਾਂ ਦਾ ਜਰਮਨੀ ਪ੍ਰਤੀ ਰਵਈਆਂ ਵੀ ਬਿਲਕੁਲ ਬਦਲ ਚੁਕਿਆ ਸੀ। ਉਹ ਅੰਗਰੇਜ਼ਾਂ ਨੂੰ ਖੁਸ਼ ਕਰਨ ਲਈ ਜਰਮਨ ਸਰਕਾਰ ਅਤੇ ਉਥੋਂ ਦੇ ਲੋਕਾਂ ਦੀ ਸਖਤ ਅਲੋਚਨਾ ਕਰਨ ਲਗ ਪਏ ਸਨ। ਦੂਜੇ ਪਾਸੇ ਹੱਦ ਇਥੋਂ ਤਕ ਪਹੁੰਚ ਗਈ ਕਿ ਉਹ ਆਪਣੀਆਂ ਲਿਖਤਾਂ ਵਿਚ ਅੰਗਰੇਜ਼ੀ ਸਮਰਾਜਵਾਦ, ਅੰਗਰੇਜ਼ੀ ਸਾਹਿਤ ਅਤੇ ਅੰਗਰੇਜ਼ੀ ਇਤਿਹਾਸ ਦੇ ਪ੍ਰਸੰਸਕ ਬਣ ਗਏ। ਅੰਗਰੇਜ਼ੀ ਸਰਕਾਰ ਨੇ ਉਨ੍ਹਾਂ ਨੂੰ ਹਿੰਦੁਸਤਾਨ ਆਉਣ ਦੀ ਆਗਿਆ ਤਾਂ ਦੇ ਦਿੱਤੀ ਪਰੰਤੂ ਉਨ੍ਹਾਂ ਨੂੰ ਸ਼ਕ ਦੀ ਨਿਗ੍ਹਾ ਨਾਲ ਹੀ ਦੇਖਿਆ ਜਾਂਦਾ ਸੀ । ਉਨ੍ਹਾਂ ਦੀਆਂ ਕੋਝੀਆਂ ਚਾਲਾਂ ਦਾ ਸਹੀ ਅਨੁਮਾਨ ਲਾਉਣਾ ਸਰਕਾਰ ਨੂੰ ਮੁਸ਼ਕਿਲ ਲਗਦਾ ਸੀ ।[16]

ਸਹੀ ਦਿਸ਼ ਨਿਰਦੇਸ਼ ਨਾ ਮਿਲਣ ਕਰਕੇ ਗਦਰ ਪਾਰਟੀ ਕਈ ਧੜਿਆਂ ਵਿੱਚ ਵੰਡੀ ਗਈ । ਹਰਦਿਆਲ ਦੇ ਵਿਸ਼ਵਾਸ਼ਘਾਤ ਵਿਰੁੱਧ ਗਦਰੀਆਂ ਦਾ ਖ਼ੂਨ ਉਬਾਲੇ ਖਾ ਰਿਹਾ ਸੀ ਪਰ ਉਹ ਸਵੀਡਨ ਪਹੁੰਚ ਚੁੱਕੇ ਸਨ ਕੈਨੇਡਾ ਅਤੇ ਅਮਰੀਕਾ ਵਿੱਚ ਦੇਸ਼-ਭਗਤ ਧੜੇ ਅਤੇ ਦੂਜੇ ਪਾਸੇ ਸਰਕਾਰ ਦੇ ਪਿੱਠੂ ਗਦਾਰਾਂ ਵਿੱਚ ਹਿੰਸਾਤਮਕ ਵਾਰਦਾਤਾਂ ਹੁੰਦੀਆਂ ਰਹੀਆਂ । ਏਕਤਾ ਅਤੇ ਜਥਬੰਦੀ ਦੀ ਕਮੀ ਦੇ ਕਾਰਨ ਗਦਰ ਲਹਿਰ ਆਪਣੇ ਮਿੱਥੇ ਟੀਚੇ ਵਿੱਚ ਸਫਲ ਨਾ ਹੋ ਸਕੀ । ਪਰੰਤੂ ਉਨ੍ਹਾਂ ਵਲੋਂ ਉਠੀ ਆਵਾਜ਼ ਬੰਦ ਨਾ ਹੋ ਸਕੀ। ਗਦਰੀਆਂ ਦੇ ਗੌਰਵ ਅਤੇ ਬੀਰਤਾ ਦੀਆਂ ਕਹਾਣੀਆਂ ਘਰ ਘਰ ਹੋਣ ਲੱਗੀਆਂ । ਇਨ੍ਹਾਂ ਨੇ ਸਿੱਖ ਵਿਰਸੇ ਨੂੰ ਸੁਰਜੀਤ ਰੱਖਿਆ । ਗਦਰ ਦੀ ਗੂੰਜ ਸਾਰੇ ਦੇਸ਼ ਵਿੱਚ ਸੁਣਾਈ ਦਿੱਤੀ । ਇਸ ਦੇ ਫਲਸਰੂਪ ਹੀ ਬੱਬਰ ਅਕਾਲੀ ਲਹਿਰ, ਸੈਂਟਰਲ ਸਿੱਖ ਲੀਗ ਤੇ ਗੁਰਦੁਆਰਾ ਸੁਧਾਰ ਲਹਿਰ ਨੇ ਜਨਮ ਲਿਆ । ਸਿੱਖਾਂ ਲਈ ਧਾਰਮਿਕ ਅਸਥਾਨਾਂ ਦੀ ਆਜ਼ਾਦੀ ਬਹੁਤ ਮਹੱਤਵ ਰੱਖਦੀ ਸੀ । ਰਾਜਨੀਤਿਕ ਆਜ਼ਾਦੀ ਵੀ ਇਸ ਉਤੇ ਨਿਰਭਰ ਕਰਦੀ ਸੀ । ਗੁਰਦੁਆਰਾ ਲਹਿਰ ਵਿੱਚ ਸਿੱਖਾਂ ਦੀ ਬੇਮਿਸਾਲ ਜਥੇਬੰਦੀ ਅਤੇ ਕੁਰਬਾਨੀਆਂ ਸਦਕਾ ਅੰਗਰੇਜ਼ੀ ਸਰਕਾਰ ਨੂੰ ਝੁਕਣ ਲਈ ਮਜ਼ਬੂਰ ਹੋਣਾ ਪਿਆ । ਗੁਰਦੁਆਰਿਆਂ ਦੀ ਆਜ਼ਾਦੀ ਨਾਲ ਦੇਸ਼ ਦੀ ਸਵਤੰਤਰਤਾ ਲਹਿਰ ਨੂੰ ਬਲ ਮਿਲਿਆ । ਜ਼ਬਰ, ਜੁਲਮ ਅਤੇ ਅਨਿਆ ਵਿਰੁੱਧ ਆਵਾਜ਼ ਬੁਲੰਦ ਕਰਣ ਦੀ ਪ੍ਰੇਰਨਾ ਗਦਰ ਲਹਿਰ ਨੇ ਪ੍ਰਦਾਨ ਕੀਤੀ ਅਤੇ ਨਾਲ ਹੀ ਸਿੱਖਾਂ ਦੇ ਇਤਿਹਾਸਕ ਵਿਰਸੇ ਤੇ ਪਹਿਰਾ ਦਿੱਤਾ ।

ਭਾਰਤ ਦੇ ਸਵਤੰਤਰਤਾ ਸੰਗਰਾਮ ਦੇ ਇਤਿਹਾਸ ਵਿੱਚ ਗਦਰ ਲਹਿਰ ਇਕ ਵਿਸ਼ੇਸ਼ ਅਹਿਮੀਅਤ ਰੱਖਦੀ ਹੈ ਪਰੰਤੂ ਵੀਹਵੀਂ ਸਦੀ ਦੇ ਇਤਿਹਾਸਕਾਰਾਂ ਨੇ ਇਤਿਹਾਸ ਪੁਸਤਕਾਂ ਵਿੱਚ ਇਸ ਨੂੰ ਉਚਿਤ ਸਥਾਨ ਨਹੀਂ ਦਿੱਤਾ । ਉਨ੍ਹਾਂ ਬਹਾਦੁਰ ਯੋਧਿਆਂ ਨੂੰ ਅੱਖੋਂ ਉਹਲੇ ਕੀਤਾ ਗਿਆ ਹੈ ਜਿਨ੍ਹਾਂ ਨੇ ਆਜ਼ਾਦੀ ਦੇ ਮਹਾਨ ਹਵਨ ਕੁੰਡ ਵਿੱਚ ਜਾਨ ਦੀ ਅਹੂਤੀ ਪਾਈ, ਜਾਇਦਾਦਾਂ, ਪੈਨਸ਼ਨਾਂ ਤੇ ਅਹੁਦੇ ਜ਼ਬਤ ਕਰਾਏ ਅਤੇ ਜਿਨ੍ਹਾਂ ਨੇ ਕਾਲੇ ਪਾਣੀ ਅਤੇ ਜੇਲ੍ਹਾਂ ਦੀਆਂ ਸੀਖਾਂ ਪਿੱਛੇ ਅਸਹਿ ਕਸ਼ਟ ਸਹੇ । ਬਹੁਤ ਸਾਰੀਆਂ ਪੁਸਤਕਾਂ ਵਿੱਚ ਲਾਲਾ ਹਰਦਿਆਲ ਅਤੇ ਸਵਾਰਕਰ ਦੀ ਬੌਧਿਕ ਯੋਗਤਾਂ ਨੂੰ ਤਾਂ ਬਹੁਤ ਉਜਾਗਰ ਕੀਤਾ ਗਿਆ ਹੈ ਪਰ ਉਨ੍ਹਾਂ ਦੀ ਸਖ਼ਸੀਅਤ ਦੇ ਦੇਸ਼ਘਾਤੀ ਪੱਖ ਨੂੰ ਤਾਂ ਬਿਲਕੁਲ ਹੀ ਅੱਖੋਂ ਉਹਲੇ ਕੀਤਾ ਗਿਆ ਹੈ । ਹਰੀਸ਼ ਪੁਰੀ ਨੇ ਵੀ ਆਪਣੇ ਪੀ.ਐਚ.ਡੀ. ਥੀਸਿਜ਼ ਵਿੱਚ ਇਸ ਦਾ ਜ਼ਿਕਰ ਤੱਕ ਨਹੀਂ ਕੀਤਾ । ਸਵਾਰਕਰ ਦੀਆਂ ਵਿਸ਼ੇਸ਼ਤਾਈਆਂ ਨੂੰ ਉਜਾਗਰ ਕਰਕੇ ਤਾਂ ਉਨ੍ਹਾਂ ਨੂੰ ਵੀਰ ਸਵਾਰਕਰ ਦੀ ਪਦਵੀ ਦੇ ਦਿੱਤੀ ਗਈ ਪਰੰਤੂ ਜਾਨ ਨੂੰ ਤਲੀ ਤੇ ਰੱਖ ਕੇ ਅਸਲੀ ਵੀਰਤਾ ਦਿਖਾਉਣ ਵਾਲੇ ਯੋਧਿਆਂ ਦਾ

ਕਿਧਰੇ ਜ਼ਿਕਰ ਤੱਕ ਨਹੀਂ ਆਉਂਦਾ। ਸੌ ਸਾਲ ਬਾਅਦ ਇਨ੍ਹਾਂ ਸ਼ਹੀਦਾਂ ਨੂੰ ਇਤਿਹਾਸ ਵਿੱਚ ਉਚਿਤ ਸਥਾਨ ਦੇ ਕੇ ਹੀ ਇਨ੍ਹਾਂ ਦੀ ਯਾਦ ਨੂੰ ਤਾਜਾ ਰੱਖਿਆ ਜਾ ਸਕਦਾ ਹੈ। ਇਹੀ ਉਨ੍ਹਾਂ ਲਈ ਸੱਚੇ ਸ਼ਬਦਾਂ ਵਿੱਚ ਸ਼ਰਧਾਂਜਲੀ ਹੋਵੇਗੀ। ਅਰਮੀਕਾ ਵਿੱਚ ਗਦਰ ਲਹਿਰ ਦੀ ਸੌਵੀਂ ਵਰ੍ਹੇ ਗੰਢ ਮਨਾਉਣ ਦਾ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਹਿੰਦੂਸਤਾਨ ਵਿੱਚ ਵੀ ਜੁਝਾਰੂ ਯੋਧਿਆਂ ਦੀ ਮਹਾਨ ਗਾਥਾ ਦੀ ਯਾਦ ਵੱਡੇ ਪੱਧਰ ਤੇ ਮਨਾਉਣੀ ਚਾਹੀਦੀ ਹੈ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿੱਚ ਇਸ ਲਹਿਰ ਦਾ ਬਹੁਤ ਮਹੱਤਵ ਹੈ। ਭੌਤਿਕ ਵਿਚਾਰਧਾਰਾ ਰੱਖਣ ਵਾਲੇ ਇਤਿਹਾਸਕਾਰ ਇਸ ਲਹਿਰ ਦਾ ਸਹੀ ਮੁਲਿਆਂਕਣ ਨਹੀਂ ਕਰ ਸਕਦੇ। ਸਿੱਖ ਧਰਮ ਵਿੱਚ ਭੌਤਿਕ ਸ਼ਕਤੀ ਅਤੇ ਅਧਿਆਤਮਕ ਸ਼ਕਤੀ ਦਾ ਸੁਮੇਲ ਹੈ। ਸਿੱਖ ਧਰਮ ਸਿੱਖ ਇਤਿਹਾਸ ਦਾ ਅਟੁੱਟ ਅੰਗ ਹੈ। 6●● ਸਾਲ ਦੇ ਸਿੱਖ ਇਤਿਹਾਸ ਨੂੰ ਇਸੇ ਸੰਦਰਭ ਵਿੱਚ ਜਾਨਣ ਦੀ ਲੋੜ ਹੈ। ਇੱਕਵੀਂ ਸਦੀ ਦੇ ਇਤਿਹਾਸਕਾਰਾਂ ਦਾ ਫਰਜ ਹੈ ਕਿ ਉਹ ਫਿਰਕਾ ਪ੍ਰਸਤੀ ਦੀ ਤੰਗ ਵਿਚਾਰਧਾਰਾ ਨੂੰ ਤਿਆਗ ਕੇ ਵਿਸ਼ਾਲ ਅਤੇ ਨਿਰਪੱਖ ਨਜ਼ਰੀਏ ਨਾਲ ਗਦਰ ਲਹਿਰ ਨੂੰ ਦੇਸ਼ ਦੇ ਇਤਿਹਾਸ ਵਿੱਚ ਉਚਿੱਤ ਸਥਾਨ ਦੇਣ।

**ਰੈਫਰੈਂਸਜ਼**


1 ਪੁਰੀ, ਹਰੀਸ਼ ਕੇ, ਗਰਦ ਲਹਿਰ, ਪੀ. ਐਚ. ਡੀ. ਥੀਸਿਜ਼, ਅੰਮ੍ਰਿਤਸਰ, ਪੰਨਾ 176, 1983

2 ਗਦਰ, 3 ਜੂਨ 1914

3 ਗਦਰ, 2 ਦਸੰਬਰ, 1913

4 ਗਦਰ, 4 ਅਪ੍ਰੈਲ, 1915

5 ਗਦਰ, 9 ਦਸੰਬਰ, 1913

6 ਗਦਰ, 2 ਦਸੰਬਰ 1913

7 ਗਦਰ, 1● ਜੂਨ, 1914

8 ਪੂਨੀ, ਸੋਹਣ ਸਿੰਘ, ਕੈਨੇਡਾ ਦੇ ਗਦਰੀ ਯੋਧੇ, ਪੰਨਾ 133, ਅੰਮ੍ਰਿਤਸਰ, 2●●8

9 ਢਿੱਲੋਂ, ਗੁਰਦਰਸ਼ਨ ਸਿੰਘ, ਇਤਿਹਾਸ ਉਤੇ ਸਿੰਘ ਸਭਾ ਲਹਿਰ ਦਾ ਪ੍ਰਭਾਵ, ਪੀ ਐਚ ਡੀ ਥੀਸਿਜ਼, ਪਟਿਆਲਾ, 1973

1● ਪੂਨੀ, ਸੋਹਣ ਸਿੰਘ, ਕੈਨੇਡਾ ਦੇ ਗਦਰੀ ਯੋਧੇ, ਪੰਨਾ 133, ਅੰਮ੍ਰਿਤਸਰ, 2●●8

11 ਨਰਾਇਣ ਸਿੰਘ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਪੰਨਾ 16–22, ਪਟਿਆਲਾ, 1978

12 ਇਸੇਮੌਂਗਰ ਐਂਡ ਸਲੈਟਰੀ, ਐਨ ਅਕਾਊਂਟ ਆਫ ਗਦਰ ਕੰਸਪੀਰੇਸੀ 1913–15, ਅਪੈਂਡਿਕਸ

13 ਪੂਨੀ, ਸੋਹਣ ਸਿੰਘ, ਕੈਨੇਡਾ ਦੇ ਗਦਰੀ ਯੋਧੇ, ਪੰਨਾ 133, ਅੰਮ੍ਰਿਤਸਰ, 2●●8

14 ਹਰਦਿਆਲ, ਫੌਰਟੀ ਫੋਰ ਮੰਨਥ ਇਨ ਜਰਮਨ ਐਂਡ ਟਰਕੀ, ਪੰਨਾ 71, ਲੰਡਨ, 192●

15 ਮੇਨ ਸਟਰੀਮ, ਸਤੰਬਰ 25, 2●●4, ਪੰਨਾ, 14–15

16 ਬਰਾਊਨ, ਐਮਿਲੀ. ਸੀ, ਹਰਦਿਆਲ: ਹਿੰਦੂ ਰੈਵੋਲੂਸ਼ਨਰੀ ਐਂਡ ਰੈਸ਼ਨਿਲਸਟ, ਪੰਨਾ 223–269, ਦਿੱਲੀ, 1975

## ਬਿਬਲਿਓਗਰਾਫੀ

- ਨਰਾਇਣ ਸਿੰਘ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਪਟਿਆਲਾ, 1975
- ਸੁਰਜੀਤ, ਹਰਕਿਸ਼ਨ ਸਿੰਘ, ਬਰਤਾਨਵੀ ਸਾਮਰਾਜ ਵਿਰੋਧੀ ਲਹਿਰਾਂ ਦਾ ਸੰਖੇਪ ਇਤਿਹਾਸ, ਚੰਡੀਗੜ੍ਹ, 2●●5
- ਸੈਂਸਰਾ, ਗੁਰਚਰਨ ਸਿੰਘ, ਗਦਰ ਪਾਰਟੀ ਦਾ ਇਤਿਹਾਸ, ਜਲੰਧਰ, 1969
- ਪੁੰਨੀ, ਸੋਹਣ ਸਿੰਘ, ਕੈਨੇਡਾ ਦੇ ਗਦਰੀ ਯੋਧੇ, ਅੰਮ੍ਰਿਤਸਰ, 2●●9
- ਜਗਜੀਤ ਸਿੰਘ, ਗਦਰ ਪਾਰਟੀ ਦੀ ਲਹਿਰ, ਅੰਮ੍ਰਿਤਸਰ, 1955
- ਗਦਰ ਦੇ ਅੰਕ, 1913–1918
- Brown, Emily C. Hardyal: *Hindu Revolutionary and Rationalist,* Manohar, Delhi, 1975.
- Singh, G.B., and Tim Watson, *Gandhi under Cross-Examination,* USA, 2009.
- Singh, Fauja, *Eminent Freedom Fighters of Punjab*, Punjabi. University., Patiala, 1972.

- Dhillon, Gurdarshan Singh, *Character and Impact of Singh Sabha Movement on the the History of Punjab*, Patiala, 1973
- Hardyal, *Forty-Four Months in Germany and Turkey – Feb 1915 to Oct 1918*, London 1920.
- Brown, Emily C. Hardyal: *Hindu Revolutionary and Rationalist,* Manohar, Delhi, 1975.
- Singh, G.B., and Tim Watson, *Gandhi under Cross-Examination,* USA, 1994
- Issemonger and Slattery: *An Account of the Ghadr Conspiracy*
- Khushwant Singh, *A History of the Sikhs*, Vol II: 1839-2004, Oxford, 2005
- O, Dwyer, Michael, *India As I know It*, 1885-1925, London, 1925.
- Parry, R.E. *The Sikhs of the Punjab*, London, 1921
- Puri, Harish K., *Ghadr Movement, Ideology, Organisation and Strategy,* Guru Nanak Dev Univesity, Amritsar, 1983.